# ਆਪਣੇ ਤੋਂ ਆਪਣੇ ਤਕ

ਕਵਿਤਾਵਾਂ

*ਇਸੇ ਕਲਮ ਤੋਂ*

- ਸਿਜਦੇ ਜੁਗਨੂੰਆਂ ਨੂੰ (ਕਵਿਤਾ)
- ਸਪੰਦਨ (ਕਵਿਤਾ)
- ਇਕ ਟੋਟਾ ਵਰੇਸ (ਕਵਿਤਾ)
- ਏਕਮ ਦੀ ਫਾਂਕ (ਕਵਿਤਾ)
- ਕਿਣ ਮਿਣ ਅੱਖਰ (ਕਵਿਤਾ)
- ਸ਼ੀਸ਼ੇ ਦੀ ਜੂਨ (ਕਵਿਤਾ)
- ਕਿਥੋਂ ਆਉਂਦੀ ਕਵਿਤਾ (ਕਵਿਤਾ)
- ਕਦੇ ਕਦਾਈਂ (ਕਵਿਤਾ)
- ਮਨ ਦਾ ਪੰਛੀ (ਅਨੁਵਾਦ, ਐੱਨ.ਬੀ.ਟੀ., ਨਵੀਂ ਦਿੱਲੀ)
- ਘਰ ਘਰ (ਕਵਿਤਾ)
- ਕਵਿਤਾ ਕੀ ਦਸਤਕ (ਹਿੰਦੀ ਅਨੁਵਾਦ, ਅਮੀਆ ਕੁੰਵਰ)

# ਆਪਣੇ ਤੋਂ ਆਪਣੇ ਤਕ

ਅਰਤਿੰਦਰ ਸੰਧੂ

**Apne Ton Apne Tak** **(Poetry)**

*by*

**Artinder Sandhu**

**404, Tilak Nagar, Amritsar**

**Mobile : 98153 02081**

**E-mail : sandhuartinder@yahoo.com**

ਬ੍ਰਹਿਮੰਡ ਵਿਚ ਪੱਸਰੀ
ਸਿਰਜਣਾਤਮਕਤਾ ਦੀ ਉਸ ਅਸੀਮਤਾ
ਨੂੰ
ਜੋ ਮਨਾਂ ਵਿਚ ਉਤਰਦੀ
ਅਹਿਸਾਸਾਂ ਵਿਚ ਰਚਦੀ
ਤੇ
ਰਚਨਾਤਮਿਕਤਾ ਬਣ ਕੇ
ਢਲਦੀ



## ਤਤਕਰਾ


| | |
|---|---|
| ਉਸ ਦੇ ਖ਼ਿਆਲ | 9 |
| ਸ਼ੀਸ਼ਿਆਂ ਵਿਚ ਢਲ ਗਏ | 11 |
| ਗੀਤ ਨੂੰ ਸਰਾਪ ਹੈ | 13 |
| ਸ਼ੀਸ਼ੇ ਦੇ ਗੁੰਮ ਸਰਵਰ | 15 |
| ਜ਼ਿੰਦਗੀ ਤੇਰੇ ਦਾਈਏ | 17 |
| ਸਾਹਾਂ 'ਚੋਂ ਆਈ ਹਵਾ | 19 |
| ਚਾਨਣੀ ਦੇ ਦੇਸ ਵਿਚ | 21 |
| ਸੋਚ ਦੀਏ ਡਾਚੀਏ | 23 |
| ਮੈਂ ਗ਼ਜ਼ਲ ਨਹੀਂ ਹਾਂ | 26 |
| ਸਾਂਵੇਂ ਸਾਂਵੇਂ ਤੁਰਦਿਆ | 28 |
| ਜ਼ਿੰਦਗੀ ਹੀਣਾ ਸਫ਼ਰ | 29 |
| ਤੁਰ ਪਏ ਹਾਂ | 30 |
| ਆ ਹਵਾਏ | 31 |
| ਕਿਹੜੀ ਲਿਪੀ ਵਿਚ ਲਿਖੀਏ | 32 |
| ਪਲਕਾਂ ਦੇ ਅੰਦਰਵਾਰ | 33 |
| ਸਾਹ ਦਾ ਸਮਾਨ ਗੁੰਮ ਹੈ | 35 |
| ਐ ਪੌਣ ਮੇਰੀ ਚੁੰਨੀ ਨਾ ਉਡਾ | 36 |
| ਠਹਿਰੇ ਹੋਏ ਪਲ | 38 |
| ਸੁਪਨੇ ਓ ਸੁਪਨੇ | 40 |
| ਦਿਨ ਢਲੇ | 42 |
| ਮਨ ਦਾ ਸ਼ੀਸ਼ਾ | 44 |
| ਬਿੱਛੂ | 46 |
| ਉਦਾਸੀ ਠੀਕ ਨਹੀਂ | 47 |
| ਦਰਿਆ | 49 |
| ਸ਼ੀਸ਼ਿਆਂ ਦੇ ਦੇਸ਼ | 50 |
| ਬਚਪਨ ਦਾ ਗੁੰਮ ਗੀਤ | 51 |

ਸਾਹਾਂ ਦੀ ਸਰਗਮ ਦੇ ਓਹਲੇ 52
ਮੇਰੇ ਗੀਤ ਰੋਕਦੇ ਨੇ ਮੈਨੂੰ 54
ਸੋਚਾਂ ਦੇ ਕਾਫ਼ਲੇ 56
ਗੀਤਾਂ ਦੀ ਉਦਾਸ ਰੂਹੇ 57
ਗੀਤ ਉਦਾਸ ਜਿਹਾ 58
ਠਹਿਰ ਜੋਗੀ 60
ਪਰਤੋ ਪਰਤੀ 61
ਸਮਿਆਂ ਦੇ ਪਾਣੀਆਂ 'ਚ 62
ਰੋੜਾਂ ਦਾ ਦੇਸ 63
ਜਦੋਂ ਵੀ ਜੀਣ ਦੀ ਸੋਚਾਂ 65
ਬੁਝੀ ਸ਼ਾਮ ਦੇ ਧੂੰਏਂ ਓਹਲੇ 67
ਬੁੱਤ ਨਹੀਂ ਕੋਈ 69
ਸਾਹਾਂ ਦਾ ਲੇਖਾ 70
ਸਿੱਖ ਲਿਆ ਹੈ ਖ਼ੁਦ ਨੂੰ ਵਰਾ ਲੈਣਾ 71
ਸਿਖਿਆ ਕਿਸ ਪਲ ਸੀ ਖ਼ਬਰੇ 72
ਲੋਆਂ ਦੇ ਉਸਰੇ ਕੋਟ ਵਿਚ 73
ਐ ਮੇਰੀ ਜਿੰਦ 75
ਬੇਦਿਲ ਵਗਣ ਹਵਾਵਾਂ 77
ਰੁੱਤਾਂ ਦੀ ਕੁਟੀਆ ਵਿਚ ਬੈਠੀ 78
ਚਿਤਵਨ ਦੇ ਰਾਹ ਰੋੜ 79
ਆਪਣੇ ਤੋਂ ਆਪਣਾ ਸਫ਼ਰ 80
ਸੂਰਜਾਂ ਤੇ ਚੰਨਾਂ ਕੋਲੋਂ... 81
ਸੰਦਲੀ ਸੰਦਲੀ ਮਿੱਟੀਏ 82
ਮੇਰਾ ਸੁਪਨਾ ਸੁਪਨਾ ਹੋਣਾ 83
ਆਸਾਨ ਤਾਂ ਨਹੀਂ ਹੈ 84
ਜੋ ਵੀ ਬੋਲ ਦੇਈਂ 85
ਬਣ ਕੇ ਮਾਲੀ ਆਏ ਹਾਂ 87

•

## ਉਸ ਦੇ ਖ਼ਿਆਲ

ਉਸ ਦੇ ਖ਼ਿਆਲ, ਤੂੰ ਆ ਇਵੇਂ
ਸੋਚਾਂ ਤੇ ਸ਼ਰਾਬੀ ਹੋ ਜਾਵਾਂ
ਆਪਣੇ ਮਟਿਆਲੇ ਰੰਗਾਂ 'ਚੋਂ
ਕੋਈ ਪਰ ਸੁਰਖ਼ਾਬੀ ਹੋ ਜਾਵਾਂ

ਕੋਈ ਭੂਰ ਜਿਹੀ ਆਵੇ
ਪੌਣਾਂ ਮਹਿਕਾ ਜਾਵੇ
ਕੋਈ ਸਰਗਮ ਛਿੜ ਜਾਵੇ
ਕੋਈ ਚੰਬਾ ਖਿੜ ਜਾਵੇ
ਮਿੱਟੀ ਆਪਣੀ 'ਚੋਂ ਹੀ
ਕੋਈ ਫੁੱਲ ਉਨਾਬੀ ਹੋ ਜਾਵਾਂ

ਬੇਚੈਨ ਕਹਾਣੀ ਨੂੰ
ਵਾਟਾਂ ਦੀ ਰਾਣੀ ਨੂੰ
ਸਾਹ ਟੁੱਟੀਆਂ ਆਸਾਂ ਨੂੰ
ਆਪਣੇ ਪਰਵਾਸਾਂ ਨੂੰ
ਸਾਂਭ ਪਰਾਂ ਵਿਚ ਮੈਂ
ਕੋਈ ਮੁਰਗਾਬੀ ਹੋ ਜਾਵਾਂ

ਆਪਣੇ ਗੁੰਮ ਸਾਹਾਂ 'ਚੋਂ
ਅਵਾਜ਼ਾਰ ਹਵਾਵਾਂ 'ਚੋਂ
ਕਿਸੇ ਪਲਾਂ ਦੇ ਟੋਲੇ 'ਚੋਂ
ਉਹਦੇ ਰੋਲ ਘਚੋਲੇ 'ਚੋਂ
ਖਿੱਲਰੇ ਅੱਖਰ ਜੁੜ ਕੇ
ਮੈਂ ਗੀਤ ਗੁਲਾਬੀ ਹੋ ਜਾਵਾਂ

ਅਹਿਸਾਸ ਦੀ ਲਹਿਰ ਤੁਰੇ
ਕੋਈ ਐਸੀ ਬਹਿਰ ਫੁਰੇ

ਹਰ ਕਣ ਵਿਚ ਰਚ ਜਾਵੇ
ਹਰ ਪੀੜ ਪਰਚ ਜਾਵੇ
ਜ਼ਿੰਦਗੀ ਦੇ ਰਾਹਾਂ ਦੀ
ਮੈਂ ਤਰਜ਼ ਰਬਾਬੀ ਹੋ ਜਾਵਾਂ

ਖ਼ਾਲੀ ਖ਼ਾਲੀ ਹੁੰਦਿਆਂ
ਜਿਉਂ ਭਰੇ ਭਰੇ ਹੋਣਾ
ਮਹਿਕਾਂ ਵਿਚ ਡੁੱਬੇ ਵੀ
ਜਿਉਂ ਤਰੇ ਤਰੇ ਹੋਣਾ
ਸਾਹਾਂ ਦੇ ਤਰਵਰ 'ਚੋਂ
ਮਦਹੋਸ਼ ਸ਼ਰਾਬੀ ਹੋ ਜਾਵਾਂ

ਉਸ ਦੇ ਖ਼ਿਆਲ ਤੂੰ ਆ ਇਵੇਂ
ਸੋਚਾਂ ਤੇ ਸ਼ਰਾਬੀ ਹੋ ਜਾਵਾਂ
ਆਪਣੇ ਮਟਿਆਲੇ ਰੰਗਾਂ 'ਤੇ
ਕੋਈ ਪਰ ਸੁਰਖ਼ਾਬੀ ਹੋ ਜਾਵਾਂ

•



## ਸ਼ੀਸ਼ਿਆਂ ਵਿਚ ਢਲ ਗਏ

ਸ਼ੀਸ਼ਿਆਂ ਵਿਚ ਢਲ ਗਏ
ਕੈਸਾ ਗ਼ਜ਼ਬ ਢਾ ਲਿਆ
ਚਿਹਰਿਆਂ ਨਾਲ ਨਿਭਦਿਆਂ
ਆਪਣਾ ਹੀ ਅਕਸ ਗੁਆ ਲਿਆ

ਯਖ਼ ਮੌਸਮਾਂ ਵਿਚ ਚਿਹਰਿਆਂ
ਮਹਿਕਾਂ ਦਾ ਮੇਲਾ ਲਾ ਲਿਆ
ਰੰਗਲੇ ਲਿਬਾਸ ਪਾ ਲਏ
ਧੁੱਪਾਂ ਦਾ ਰੂਪ ਵਟਾ ਲਿਆ

ਧੁੱਪਾਂ ਤਾਂ ਅੰਤ ਢਲਦੀਆਂ
ਸ਼ਾਮਾਂ ਫ਼ਿਜ਼ਾ ਬਦਲਦੀਆਂ
ਰੰਗਾਂ ਨੂੰ ਫਿਰ ਹਨੇਰਿਆਂ
ਰਾਤਾਂ ਦੀ ਥੈਲੀ ਪਾ ਲਿਆ

ਕੁਝ ਚਿਹਰੇ ਐਸੇ ਆ ਗਏ
ਸਾਰੀ ਹਵਾ ਖਿੰਡਾ ਗਏ
ਅਸਾਂ ਉਸ ਹਵਾ ਦੀ ਪੈੜ 'ਤੇ
ਸਾਹਾਂ ਨੂੰ ਦਾਅ 'ਤੇ ਲਾ ਲਿਆ

ਚਿਹਰੇ ਪਲਾਂ ਨੂੰ ਮਲਦੇ ਗਏ
ਪਲ ਚਿਹਰਿਆਂ ਵਿਚ ਢਲਦੇ ਗਏ
ਰੁੱਤਾਂ ਦੇ ਜ਼ਲਜ਼ਲੇ ਤੁਰੇ
ਜ਼ਿੰਦਗੀ ਨੂੰ ਹੀ ਵਹਾ ਲਿਆ


ਕੁਝ ਚਿਹਰੇ ਇੰਜ ਸ਼ੁਆ ਬਣੇ
ਧੂੰਏਂ ਦਾ ਸਿਲਸਿਲਾ ਬਣੇ
ਇਕ ਗਹਿਰਾ ਭਰਮ ਜਾਲ ਪਾ
ਸ਼ੀਸ਼ੇ ਨੂੰ ਹੀ ਪਿਘਲਾ ਲਿਆ

ਚਿਹਰੇ ਤਾਂ ਛੂਹ ਕੇ ਤੁਰ ਗਏ
ਅੰਦਰ ਹੀ ਸ਼ੀਸ਼ੇ ਭੁਰ ਗਏ
ਬਾਹਰੋਂ ਸਬੂਤ ਜਾਪਦੇ
ਖ਼ੁਦ ਨੂੰ ਇਵੇਂ ਭਰਮਾ ਲਿਆ

ਸ਼ੀਸ਼ੇ ਸੁਆਲ ਕਰਦੇ ਨੇ
ਖ਼ੁਦ ਨੂੰ ਬੇਹਾਲ ਕਰਦੇ ਨੇ
ਕਿਉਂ ਜ਼ਿੰਦਗੀ ਦੇ ਸਾਥ ਵਿਚ
ਜਿੰਦ ਨੂੰ ਅਸਾਂ ਵਿਹਾ ਲਿਆ

ਸ਼ੀਸ਼ਿਆਂ ਵਿਚ ਢਲ ਗਏ
ਅਸਾਂ ਕੈਸਾ ਗ਼ਜ਼ਬ ਢਾ ਲਿਆ
ਚਿਹਰਿਆਂ ਨਾਲ ਨਿਭਦਿਆਂ
ਆਪਣਾ ਵੀ ਅਕਸ ਗੁਆ ਲਿਆ

•





## ਗੀਤ ਨੂੰ ਸਰਾਪ ਹੈ

ਮੇਰੇ ਗੀਤ ਨੂੰ ਸਰਾਪ ਹੈ
ਉਦਾਸ ਪਲ ਪਰੋਣ ਦਾ
ਇਨ੍ਹਾਂ ਪਾਣੀਆਂ 'ਚ ਫਿਰ
ਸ਼ਬਦਾਂ ਦੇ ਚਿਹਰੇ ਧੋਣ ਦਾ

ਇਹਨੇ ਨੇਰ੍ਹਿਆਂ 'ਚੋਂ ਲੰਘਣਾ
ਹਰ ਚਾਨਣੇ ਇਹਨੂੰ ਡੰਗਣਾ
ਡੰਗਾਂ ਦਾ ਦਰਦ ਕਸੀਸਣਾ
ਸਾਹਾਂ ਨੂੰ ਉਸ ਵਿਚ ਪੀਸਣਾ
ਖ਼ੁਦ ਨਾਲ ਵਾਅਦਾ ਪਾਲਣਾ
ਨਿੱਤ ਮਰ ਕੇ ਅੰਦਰ ਚਾਨਣਾ
ਰਾਤਾਂ ਨੂੰ ਉੱਠ ਖਲੋਣ ਦਾ

ਜਦ ਤਾਨ ਆਪਣੀ ਜੋੜਦਾ
ਸਾਹਾਂ ਦੇ ਤੰਦ ਮਰੋੜਦਾ
ਫਿਰ ਹੌਕਿਆਂ ਵਿਚ ਤੋੜਦਾ
ਕਦੇ ਕਤਰਾ ਕਤਰਾ ਜੋੜਦਾ
ਇੰਜ ਕਤਰਿਆਂ ਵਿਚ ਜੀਂਦਿਆਂ
ਸਿੱਖ ਰਿਹਾ ਹੈ ਵੱਲ ਨਵਾਂ
ਤੇੜਾਂ 'ਚੋਂ ਉੱਗ ਖਲੋਣ ਦਾ

ਕਦੇ ਜਦ ਇਹ ਪਰ ਖਿਲਾਰਦਾ
ਅੰਬਰ ਉਡਾਰੀ ਮਾਰਦਾ
ਅੰਬਰ ਤਾਂ ਸਾਰੇ ਜਿੱਤਦਾ

ਆਪਣੇ ਹੀ ਮਨ ਤੋਂ ਹਾਰਦਾ
ਇਸ ਹਾਰ ਅੰਦਰ ਉਲਝ ਕੇ
ਆਪਣੇ ਹੀ ਉਹਲੇ ਲੁਕਣ ਦਾ
ਤੇ ਅੰਦਰੇ ਅੰਦਰ ਰੋਣ ਦਾ

ਮੇਰੇ ਗੀਤ ਨੂੰ ਸਰਾਪ ਹੈ
ਉਦਾਸ ਪਲ ਪਰੋਣ ਦਾ
ਇਨ੍ਹਾਂ ਪਾਣੀਆਂ 'ਚ ਫਿਰ
ਸ਼ਬਦਾਂ ਦੇ ਚਿਹਰੇ ਧੋਣ ਦਾ
•



## ਸ਼ੀਸ਼ੇ ਦੇ ਗੁੰਮ ਸਰਵਰ

ਖ਼ਬਰੇ ਕਿਹੜੇ ਪਲ ਜ਼ਿੰਦਗੀ
ਆਪਣਾ ਉਹ ਕਹਿਰ ਗੁਜ਼ਾਰ ਗਈ
ਆਪਣੇਪਨ ਦੇ ਉਹਲੇ ਸਾਨੂੰ
ਸ਼ੀਸ਼ੇ ਵਿਚ ਉਤਾਰ ਗਈ

ਹੁਣ ਕੱਚ ਦੀ ਜੂਨੇ ਆਉਂਦੇ ਹਾਂ
ਤੇ ਕੱਚੋ ਕੱਚ ਹੰਢਾਉਂਦੇ ਹਾਂ
ਕੱਚ ਵਾਂਗਰ ਹੀ ਭੁਰ ਜਾਂਦੇ ਹਾਂ
ਖ਼ੁਦ ਨਾਲ ਜਦੋਂ ਟਕਰਾਉਂਦੇ ਹਾਂ
ਕਿਰਚਾਂ ਦੇ ਉੱਸਰੇ ਮਹਿਲਾਂ ਵਿਚ
ਸਾਨੂੰ ਤੇੜਾਂ ਵਾਂਗ ਉਤਾਰ ਗਈ

ਕੱਚ ਦੇ ਵਸਤਰ ਪਾਉਂਦੇ ਹਾਂ
ਤੇ ਆਪਣਾ ਆਪ ਲੁਕਾਉਂਦੇ ਹਾਂ
ਇਸ ਆਰ ਪਾਰ ਦੀ ਦਿੱਖ ਕੋਲੋਂ
ਫਿਰ ਆਪੇ ਹੀ ਘਬਰਾਉਂਦੇ ਹਾਂ
ਲੱਭਦੇ ਹਾਂ ਲੁਕਣ ਲਈ ਆਪਣੀ
ਕੋਈ ਨੁੱਕਰ ਟੂਣੇਹਾਰ ਜਿਹੀ

ਸ਼ੀਸ਼ੇ ਦੀ ਪਰਤ ਤਿਹਾਈ ਵਿਚ
ਅਸੀਂ ਰੇਤਾ ਵਾਂਗਰ ਹੋ ਜਾਣਾ
ਨਦੀ ਹੋਣ ਨੂੰ ਤੁਰੇ ਕਦੀ
ਬਸ ਇਕ ਬਰੇਤਾ ਹੋ ਜਾਣਾ
ਰੇਤੇ ਦੀਆਂ ਲਹਿਰਾਂ ਵਿਚ ਅਸਾਨੂੰ
ਕੰਕਰਾਂ ਵਾਂਗ ਖਿਲਾਰ ਗਈ

ਜਦ ਸ਼ੀਸ਼ੇ ਸਾਹਵੇਂ ਬਹਿੰਦੇ ਹਾਂ
ਜ਼ਿੰਦਗੀ ਨੂੰ ਪੁੱਛਦੇ ਰਹਿੰਦੇ ਹਾਂ

ਕਿਉਂ ਮਨਚਾਹੇ ਸਾਹਾਂ ਖ਼ਾਤਰ
ਅਸੀਂ ਉਮਰਾਂ ਲੁੱਛਦੇ ਰਹਿੰਦੇ ਹਾਂ
ਸਾਹ-ਦਰ-ਸਾਹ ਜ਼ਿੰਦਗੀ ਭਾਲਦਿਆਂ
ਸਾਹਾਂ ਦੀ ਕੈਦ ਹੀ ਮਾਰ ਗਈ

ਖ਼ੁਦ ਹੀ ਸ਼ੀਸ਼ਾ ਬਣ ਜਾਣਾ
ਤੇ ਮੁੜ ਮੁੜ ਖ਼ੁਦ ਨੂੰ ਤੱਕਣਾ ਵੀ
ਆਪਣੀ ਟਾਹਣੀ 'ਤੇ ਫੁੱਟ ਕੇ ਨਿੱਤ
ਕਿਰ ਜਾਣ ਲਈ ਫਿਰ ਪੱਕਣਾ ਵੀ
ਇਹ ਕੈਸੀ ਜੀਣ ਦੀ ਜੁਗਤ ਬਣੀ
ਜੋ ਭਰਮ ਦੇ ਬੀਜ ਖਿਲਾਰ ਗਈ

ਜਦ ਖੇਰੂੰ ਖੇਰੂੰ ਹੁੰਦੇ ਹਾਂ
ਖ਼ੁਦ ਪਲਾਂ ਛਿਣਾਂ ਵਿਚ ਵਟਦੇ ਹਾਂ
ਜ਼ਿੰਦਗੀ ਲਈ ਰੂਪ ਬਦਲਦੇ ਹਾਂ
ਚੰਨ ਵਾਂਗਰ ਵਧਦੇ ਘਟਦੇ ਹਾਂ
ਸ਼ੀਸ਼ੇ ਦੇ ਗੁੰਮ ਸਰਵਰ ਅੰਦਰ
ਸਾਨੂੰ ਮਛਲੀ ਵਾਂਗਰ ਤਾਰ ਗਈ

ਖ਼ਬਰੇ ਕਿਹੜੇ ਪਲ ਜ਼ਿੰਦਗੀ
ਆਪਣਾ ਉਹ ਕਹਿਰ ਗੁਜ਼ਾਰ ਗਈ
ਆਪਣੇਪਨ ਦੇ ਉਹਲੇ ਸਾਨੂੰ
ਸ਼ੀਸ਼ੇ ਵਿਚ ਉਤਾਰ ਗਈ

•



## ਜ਼ਿੰਦਗੀ ਤੇਰੇ ਦਾਈਏ

ਜ਼ਿੰਦਗੀ! ਤੇਰੇ ਦਾਈਏ
ਸਾਹਾਂ ਨਾਲ ਨਿਭਾਉਂਦੇ ਰਹਿੰਦੇ ਹਾਂ
ਤੇਰੇ ਹਰ ਦਾਇਰੇ ਦੀ ਹੱਦ ਨੂੰ
ਛੂਹ ਕੇ ਆਉਂਦੇ ਰਹਿੰਦੇ ਹਾਂ

ਮਨ ਦਾ ਧੁਖਦਾ ਜੰਗਲ ਜਦ ਵੀ
ਧੂੰਏਂ ਦੇ ਨਾਲ ਭਰ ਜਾਵੇ
ਚਾਰ ਚੁਫ਼ੇਰੇ ਹਰਿਆਲੀ ਦਾ
ਪਰਦਾ ਲਾਉਂਦੇ ਰਹਿੰਦੇ ਹਾਂ

ਆਏ ਫੱਗਣ ਜਦ ਵੀ ਪੌਣਾਂ
ਸੂਹੇ ਰਾਗ ਅਲਾਪਦੀਆਂ
ਅਸੀਂ ਵੀ ਗ਼ਮ ਦੀ ਪੀਲੀ ਸੁਰ ਨੂੰ
ਨਾਲ ਮਿਲਾਉਂਦੇ ਰਹਿੰਦੇ ਹਾਂ

ਆਰ ਪਾਰ ਦੇ ਵੇਲੇ
ਆਖ਼ਰ ਪਾਸੇ ਖੇਡਣ ਬਹਿੰਦੇ ਹਾਂ
ਜ਼ਿੰਦਗੀ ਸਾਹਵੇਂ ਬਹਿ ਕੇ ਖ਼ੁਦ ਨੂੰ
ਦਾਅ 'ਤੇ ਲਾਉਂਦੇ ਰਹਿੰਦੇ ਹਾਂ


ਖਰਚਦਿਆਂ ਉਮਰਾਂ ਦਾ ਪਰਬਤ
ਕੁਝ ਟਿੱਬੇ ਹੀ ਰਹਿ ਚੱਲੇ
ਉਥੇ ਖੜ ਕੇ ਉਮਰਾਂ ਦੇ
ਹਿੰਦਸੇ ਵਰਚਾਉਂਦੇ ਰਹਿੰਦੇ ਹਾਂ

ਕੱਲ-ਮੁਕੱਲੇ ਤੁਰਦੇ ਜਦ ਵੀ
ਬਹੁਤਾ ਹੁੱਸੜ ਜਾਪ ਪਵੇ
ਆਪਣੇ ਅੰਦਰ ਯਾਦਾਂ ਦੇ ਜੰਗਲ
ਸਹਿਲਾਉਂਦੇ ਰਹਿੰਦੇ ਹਾਂ

ਤੇਰੀਆਂ ਸ਼ਰਤਾਂ ਤੇਰੀ ਮਰਜ਼ੀ
ਅਸੀਂ ਤਾਂ ਬਸ ਨਿਭਦੇ ਨਿਭਦੇ
ਸਾਹ ਦਾ ਇਕ ਇਕ ਕਤਰਾ
ਤੈਨੂੰ ਅਰਘ ਚੜ੍ਹਾਉਂਦੇ ਰਹਿੰਦੇ ਹਾਂ

ਰੁੱਤਾਂ ਦੇ ਤੰਤਰ ਤੇਰੇ
ਤੇ ਟਿਕ ਕੇ ਜੀਣ ਦੀ ਚਾਹ ਸਾਡੀ
ਦੋਹਾਂ ਪੱਲੜਿਆਂ ਵਿਚ ਤੁਲਦੇ
ਜਿੰਦ ਉਡਾਉਂਦੇ ਰਹਿੰਦੇ ਹਾਂ

•





## ਸਾਹਾਂ 'ਚੋਂ ਆਈ ਹਵਾ

ਸਾਹਾਂ 'ਚੋਂ ਆਈ ਹਵਾ ਦਾ
ਹਾਲ ਤਾਂ ਪੁੱਛੋ
ਕਿੰਨੇ ਹੌਕੇ ਲੈ ਕੇ ਆਈ
ਨਾਲ ਤਾਂ ਪੁੱਛੋ

ਮਨ ਦੇ ਤਪਦੇ ਅੰਬਰਾਂ ਨੂੰ
ਮੀਂਹ ਦੀ ਬਾਤ ਪਾ
ਦੇਂਦੀ ਕਿਵੇਂ ਸੁਪਨਿਆਂ ਨੂੰ
ਤਾਲ ਤਾਂ ਪੁੱਛੋ


ਪੀ ਰਹੇ ਸੋਕੇ ਬਿਰਖ਼ ਜੋ
ਆਸ ਦੇ ਅੰਦਰ
ਕਿੰਜ ਸੰਭਾਲੇ ਲਾਰਿਆਂ ਦੇ
ਨਾਲ ਤਾਂ ਪੁੱਛੋ

ਉੱਡੇ ਅੰਦਰ ਪੱਤਝੜਾਂ ਦੀ
ਰਾਖ ਕਿਸ ਤਰ੍ਹਾਂ
ਆਉਂਦੀ ਤੇ ਜਾਂਦੀ ਹਵਾ ਦੇ
ਨਾਲ ਤਾਂ ਪੁੱਛੋ

ਜਿੰਦ ਦੀਆਂ ਕੰਦਰਾਂ 'ਚੋਂ
ਭਟਕਦੀ ਆਈ
ਕਿੰਨਾ ਹੁੰਮਸ ਧੂ ਲਿਆਈ
ਨਾਲ ਤਾਂ ਪੁੱਛੋ

ਮੁੱਕ ਜਾਣਾ ਏਂ ਕਦੇ ਤਾਂ
ਮੈਂ ਤੇ ਸਾਹਾਂ ਨੇ
ਕਿਉਂ ਹਵਾ ਹੋਈ ਹੁਣੇ
ਬੇਹਾਲ ਤਾਂ ਪੁੱਛੋ

•





## ਚਾਨਣੀ ਦੇ ਦੇਸ ਵਿਚ

ਮੈਂ ਚਾਨਣੀ ਦੇ ਦੇਸ ਵਿਚ
ਸੋਚਾਂ ਦੇ ਹੀ ਵੇਸ ਵਿਚ
ਚਾਨਣ ਦਾ ਤੇਜ਼ ਹੰਗਾਲ ਰਹੀ
ਵਿਚ ਗੁੰਮੇਂ ਤਾਰੇ ਭਾਲ ਰਹੀ

ਮੈਂ ਅੰਬਰਾਂ ਦੇ ਦੇਸ ਵਿਚ
ਜਿੰਦ ਦੀ ਬੇਤਾਲ ਵਰੇਸ ਵਿਚ
ਸਮਿਆਂ ਦੇ ਲਾਰੇ ਭਾਲ ਰਹੀ
ਸਾਹਾਂ ਦੇ ਸਹਾਰੇ ਢਾਲ ਰਹੀ

ਪੌਣ ਏਸ ਪੁਰਵਾਈ ਵਿਚ
ਰੁੱਤ ਦੀ ਖਿੱਲਰੀ ਸਰਵਾਈ ਵਿਚ
ਆਪਣਾ ਸਿਰਨਾਵਾਂ ਢਾਲ ਰਹੀ
ਕੋਈ ਪਲ ਬੇਨਾਵਾਂ ਭਾਲ ਰਹੀ

ਅੱਖੀਆਂ ਚਾਹੁਣ ਕਿੱਕਲੀ ਪਾਵਣ
ਪਰ ਅੰਬਰ ਵਿਚ ਘੁੰਮੀ ਜਾਵਣ
ਇਕ ਖ਼ੁਦ ਵਿਚ ਗੁੰਮੀ ਚਾਲ ਜਿਹੀ
ਬਸ, ਮਨ ਆਪਣੇ ਦੇ ਹਾਲ ਜਿਹੀ

ਮਨ ਕੰਦਰ ਵਿਚ ਨ੍ਹੇਰ ਬੜਾ
ਯਾਦਾਂ ਦਾ ਕਾਫ਼ਲਾ ਘੇਰ ਖੜ੍ਹਾ
ਹੁਣ ਆਪਣੇ ਟੋਟੇ ਬਾਲ ਰਹੀ
ਚਾਨਣ ਦੇ ਕਤਰੇ ਢਾਲ ਰਹੀ

ਜਦ ਜਿੰਦ ਚਾਨਣ ਨੂੰ ਜਾ ਛੂਹੇ
ਖੜਕਾਵਾਂ ਜ਼ਿੰਦਗੀ ਦੇ ਬੂਹੇ
ਚਿਤਵਨ ਨੂੰ ਦੇ ਕੇ ਤਾਲ ਜਿਹੀ
ਸੁਪਨੇ ਦੀ ਲੈ ਕੇ ਢਾਲ ਜਿਹੀ

ਮੇਰੀ ਚੇਤਨਤਾ ਦੇ ਚਾਨਣ!
ਚੱਲ ਨ੍ਹੇਰੇ 'ਚੋਂ ਬਿਰਤੀ ਛਾਨਣ
ਇਉਂ ਜੀਂਦੇ ਤਾਲ ਬੇਤਾਲ ਜਿਹੀ
ਰਹਾਂ ਕੁਝ ਕੁਝ ਆਪਣੇ ਨਾਲ ਜਿਹੀ

ਮੈਂ ਕੁਝ ਕੁਝ ਆਪਣੇ ਨਾਲ ਜਿਹੀ

•





## ਸੋਚ ਦੀਏ ਡਾਚੀਏ

ਮੇਰੀ ਸੋਚ ਦੀਏ ਡਾਚੀਏ
ਰੁਕ ਕੇ ਪਲ ਕੁ ਵਾਚੀਏ
ਤੇਰਾ ਚੇਤਿਆਂ ਦੇ ਦੇਸ ਵਿਚ
ਪੌਣਾਂ ਵਰਗੇ ਵੇਸ ਵਿਚ
ਬੌਰੇ ਹੋ ਹੋ ਘੁੰਮਣਾ
ਖਿੱਲਰੀਆਂ ਪੈੜਾਂ ਚੁੰਮਣਾ
ਤੇਰੀ ਨੀਂਦ ਹੈ ਜਾਂ ਜਾਗ ਹੈ
ਜਗਿਆਸਾ ਜਾਂ ਵੈਰਾਗ਼ ਹੈ

ਤੇਰੀ ਲੰਮ ਸਲੰਮੀ ਵਾਟ ਵਿਚ
ਮੱਥੇ 'ਚ ਜਗਦੀ ਲਾਟ ਵਿਚ
ਸੋਚਾਂ ਦਾ ਸੂਰਜ ਮਘ ਰਿਹਾ
ਤੇ ਤੈਨੂੰ ਜਗਦਾ ਰੱਖ ਰਿਹਾ
ਇਸ ਚਾਨਣੇ ਪਲ ਸਾਹ ਤਾਂ ਲੈ
ਆਪਣੇ ਸਫ਼ਰ ਦੀ ਥਾਹ ਤਾਂ ਲੈ
ਇਹ ਆ-ਮੁਹਾਰੇ ਪੰਧ ਨੀ
ਤੈਨੂੰ ਨਾ ਜਾਣ ਉਲੰਘ ਨੀ

ਤੇਰੀ ਧਰਤ ਅਜਬ ਹਸੀਨ ਹੈ
ਜੰਗਲਾਂ ਭਰੀ ਜ਼ਮੀਨ ਹੈ
ਬੱਦਲ ਖ਼ਿਆਲਾਂ ਦੇ ਕਿਤੇ
ਪਰਬਤ ਸੁਆਲਾਂ ਦੇ ਕਿਤੇ
ਪਗਡੰਡੀਆਂ ਇਕਵਾਸੀਆਂ
ਨਿੱਸਰਦੀਆਂ ਉਦਾਸੀਆਂ
ਪੈਰਾਂ ਨੂੰ ਆਪੇ ਛਲਦੇ ਰਾਹ
ਤੇ ਗੁੰਝਲਾਂ ਵਿਚ ਢਲਦੇ ਰਾਹ

ਤੇਰੇ ਪਰਬਤਾਂ 'ਚੋਂ ਰਿਸਦੀਆਂ
ਸਾਹਾਂ ਦੀ ਪੌਣ 'ਤੇ ਤਰਦੀਆਂ
ਤੇਰੀ ਜਿੰਦ ਦੀਆਂ ਬੱਦਲੀਆਂ
ਇਹ ਧੂੰਏਂ ਭਰੀਆਂ ਕਮਲੀਆਂ
ਉੱਛਲਦੀਆਂ ਭਟਕਦੀਆਂ
ਖਿੱਲਰਦੀਆਂ ਤੇ ਕਿਰਦੀਆਂ
ਵਾਟਾਂ ਤੋਂ ਫਿਰ ਥਿੜਕੀਆਂ
ਇਹ ਆਪਣੇ ਉੱਤੇ ਵਰ੍ਹਦੀਆਂ

ਤੇਰੇ ਥਲ ਨੇ ਅੜੀਏ ਬੇਵਫ਼ਾ
ਪੀ ਜਾਂਦੇ ਸਾਹਾਂ ਦੀ ਹਵਾ
ਤੈਨੂੰ ਰੇਤਿਆਂ ਵਿਚ ਰੇਤ ਕਰ
ਤੇਰੇ ਸਾਰੇ ਭੇਤ ਅਭੇਤ ਕਰ
ਪਿਆਸ ਦੇ ਬੀਜ ਜਗਾ ਰਹੇ
ਤੇ ਥੋਰ੍ਹਾਂ ਵਾਂਗ ਉਗਾ ਰਹੇ
ਤੂੰ ਆਪਣੇ ਕੰਡਿਆਂ ਵਿਚ ਘਿਰੀ
ਆਪਣੇ 'ਚੋਂ ਹੀ ਜਾਂਦੀ ਕਿਰੀ

ਤੇਰੇ ਸਾਗਰਾਂ ਦੇ ਉਛਾਲ ਨੀ
ਸਾਰੀ ਜਿੰਦ ਦੇਣ ਹੰਗਾਲ ਨੀ
ਸਾਹ ਗੋਤਿਆਂ ਵਿਚਕਾਰ ਰਹਿਣ
ਸੰਭਲਣ ਦੇ ਆਹਰ ਬੇਕਾਰ ਰਹਿਣ
ਨਾ ਤਰਨ ਦੀ ਹੀ ਹੋਸ਼ ਰਹੇ
ਨਾ ਜਰਨ ਦਾ ਹੀ ਜੋਸ਼ ਰਹੇ
ਲਹਿਰ ਲਹਿਰ ਸੋਚ ਵਹਿੰਦੀ
ਕਹਿਰ ਕਹਿਰ ਜਿੰਦ ਸਹਿੰਦੀ

ਮੇਰੀ ਸੋਚ ਦੀਏ ਡਾਚੀਏ
ਕਦੇ ਸਫ਼ਰ ਆਪਣੇ ਵਾਚੀਏ
ਤੇਰੀ ਤੋਰ ਵਿਚ ਮਚਲਦੀਆਂ



ਤੇਰੀ ਹੋਂਦ ਦੀਆਂ ਟੱਲੀਆਂ
ਅਣਦਿਸਦੇ ਪੰਧ ਸਰਾਪ ਨੇ
ਕਦੇ ਜ਼ਿੰਦਗੀ ਦਾ ਸੁਆਬ ਨੇ
ਇਹ ਖੇਡ ਦਾ, ਹੀ ਹੈ ਕਮਾਲ
ਰੁਕਣਾ ਵੀ, ਤੁਰਨਾ ਵੀ ਹੈ ਮੁਹਾਲ

ਮੇਰੀ ਸੋਚ ਦੀਏ ਡਾਚੀਏ
ਕਦੇ ਖ਼ੁਦ ਵੀ ਖ਼ੁਦ ਨੂੰ ਵਾਚੀਏ

•



## ਮੈਂ ਗ਼ਜ਼ਲ ਨਹੀਂ ਹਾਂ

ਮੈਂ ਗ਼ਜ਼ਲ ਨਹੀਂ ਹਾਂ ਦੋਸਤੋ
ਨਾ ਮਿਲੀ ਬਹਿਰ ਦੀ ਮੁਥਾਜ ਹਾਂ
ਮੈਂ ਨਜ਼ਮ ਹਾਂ ਆਜ਼ਾਦ ਜਿਹੀ
ਕੁਦਰਤ ਦਾ ਇਕ ਅੰਦਾਜ਼ ਹਾਂ

ਹੁਣ ਚੌਖਟੇ, ਨਾ ਹੀ ਰੂਪ ਲਈ
ਆਕਾਰ ਦੇ ਪਰਕਾਰ ਦੱਸ
ਏਸੇ ਹੁੰਮਸ ਵਿਚ ਫਸੀ
ਮੈਂ ਆਪਣੀ ਗੁੰਮ ਆਵਾਜ਼ ਹਾਂ

ਪਗਡੰਡੀਆਂ, ਨਾ ਸੋਚ ਮੇਰੀ
ਨੂੰ ਕੋਈ ਅਗਵਾਈ ਦੇ
ਮਹਿਸੂਸ ਮੈਨੂੰ ਕਰਨ ਦੇ
ਮੈਂ ਆਪਣਾ ਖ਼ੁਦ ਆਗਾਜ਼ ਹਾਂ

ਮੇਰੀ ਸ਼ਾਖ਼ 'ਚੋਂ ਹੀ ਫੁੱਟ ਕੇ
ਪੱਲਰ ਕੇ ਮੇਰੇ ਸਾਹਾਂ 'ਚੋਂ
ਮੈਨੂੰ ਕਲਮਿਆਂ ਵਿਚ ਬੰਨ੍ਹ ਕੇ
ਨਾ ਕਹਿ ਕਿ ਮੈਂ ਮੁਥਾਜ ਹਾਂ

ਸਿਰਜਕ ਹਾਂ ਕੁਦਰਤ ਦੀ ਤਰ੍ਹਾਂ
ਰੰਗਾਂ ਦੀ ਰਚਣਹਾਰ ਵੀ
ਮੈਂ ਹੀ ਸੂਰਜਾਂ ਦੀ ਕੁੱਖ ਹਾਂ
ਖ਼ੁਦ ਜ਼ਿੰਦਗੀ ਦਾ ਮਿਜਾਜ਼ ਹਾਂ

ਮੇਰੇ ਖ਼ਾਬ ਖ਼ਿਆਲ ਨੂੰ ਵਹਿਣ ਦੇ
ਮੈਨੂੰ ਆਪਣੀ ਭਾਸ਼ਾ ਕਹਿਣ ਦੇ
ਨਾ ਤੋਲ ਮੋਲ ਕੇ ਪਰ ਕਤਰ
ਫਿਰ ਦੇਹ ਭਰਮ ਕਿ ਮੈਂ ਰਾਜ਼ ਹਾਂ



ਮੈਂ ਫੁੱਲ ਹਾਂ, ਨਾ ਵੇਲ ਹਾਂ
ਮੈਂ ਬਿਰਖ਼ ਹਾਂ ਸੰਘਣਾ ਸਜੱਗ
ਮੇਰੀ ਛਾਵੇਂ ਜ਼ਿੰਦਗੀ ਸਾਹ ਲਵੇ
ਮੈਂ ਸ਼ਕਤੀਆਂ ਦਾ ਸਾਜ਼ ਹਾਂ

ਮੈਨੂੰ ਮੇਰੇ ਰੂਪ 'ਚ ਜੀਣ ਦੇ
ਮੈਨੂੰ ਬਿਰਖ਼ਾਂ ਵਾਂਗਰ ਥੀਣ ਦੇ
ਨਾ ਸਿਮਲੀਆਂ ਤਸ਼ਬੀਹਾਂ ਦੇ
ਨਾ ਗਹਿਣਿਆਂ ਦੀ ਮੁਥਾਜ ਹਾਂ

ਮੇਰੀ ਹੋਂਦ ਨੂੰ ਇਵੇਂ ਸਹਿਜ ਮੰਨ
ਜਿਵੇਂ ਧੁੱਪ, ਪਾਣੀ ਜਾਂ ਹਵਾ
ਇਸ ਸਹਿਜ 'ਚੋਂ ਜੋ ਫੁੱਟਣੀ
ਮੈਂ ਉਸ ਸੋਚ ਦੀ ਪਰਵਾਜ਼ ਹਾਂ

ਮੈਂ ਗ਼ਜ਼ਲ ਨਹੀਂ ਹਾਂ ਦੋਸਤੋ
ਨਾ ਮਿਲੀ ਬਹਿਰ ਦੀ ਮੁਥਾਜ ਹਾਂ
ਮੈਂ ਨਜ਼ਮ ਹਾਂ ਆਜ਼ਾਦ ਜਿਹੀ
ਕੁਦਰਤ ਦਾ ਇਕ ਅੰਦਾਜ਼ ਹਾਂ

•

## ਸਾਂਵੇਂ ਸਾਂਵੇਂ ਤੁਰਦਿਆ

ਦੱਸ ਨੀ ਜਿੰਦੇ ਜੀਣ ਲਈ ਕੀ ਚਾਰਾ ਕਰੀਏ
ਕਿਸ ਨੂੰ ਸ਼ੋਰ ਦੇ ਜੰਗਲ ਵਿਚ ਇਸ਼ਾਰਾ ਕਰੀਏ

ਸੁਪਨੇ ਸਾਡੇ ਲੱਗੇ ਪਲਣ, ਤਿਜਾਰਤ ਵਿਹੜੇ
ਕਿਹੜੇ ਸਾਡੇ ਆਪਣੇ ਕਿੰਜ ਨਿਤਾਰਾ ਕਰੀਏ

ਕਿਸ਼ਤੀ ਨਾ ਹੀ ਸਮੇਂ ਦਾ ਚੱਪੂ ਹਾਮੀ ਭਰਦਾ
ਡੁੱਬਦਿਆਂ ਸਾਹਾਂ ਦਾ ਕਿੰਜ ਸਮੁੰਦਰ ਤਰੀਏ

ਢਲੀ ਸ਼ਾਮ ਤਾਂ ਤਾਰੇ ਆਪਣੇ ਪੰਧੀਂ ਪਏ
ਕੀਹਦੇ ਉੱਤੇ ਆਸ ਦੀ ਹੁਣ ਉਂਗਲ ਧਰੀਏ

ਸਾਂਵੇਂ ਸਾਂਵੇਂ ਤੁਰਦਿਆਂ ਵੀ ਪੈਰ ਜੇ ਥਿੜਕਣ
ਕਿਹੜੀ ਜੀਵਨ ਜਾਚ ਨਾਲ ਗੁਜ਼ਾਰਾ ਕਰੀਏ

ਰਿਸ਼ਤਿਆਂ ਦੀ ਮਹਿਕ ਦੇ ਜਦ ਫ਼ਟਣ ਗੁਬਾਰੇ
ਮੋਹ ਅੱਗੇ ਕਿਸ ਭਰਮ ਦਾ ਹੁਣ ਲਾਰਾ ਧਰੀਏ

ਹਰ ਰਿਸ਼ਤੇ ਤੇ ਨਾਮ ਨੂੰ, ਹੁਣ ਛੱਡ ਕੇ ਪਿੱਛੇ
ਕਿਸੇ ਵੀਰਾਨ ਜਜ਼ੀਰੇ, ਚੱਲ ਉਤਾਰਾ ਕਰੀਏ

ਦੱਸ ਨੀ ਜਿੰਦੇ, ਜੀਣ ਲਈ ਕੀ ਚਾਰਾ ਕਰੀਏ
ਕਿਸ ਨੂੰ ਸ਼ੋਰ ਦੇ ਜੰਗਲ ਵਿਚ ਇਸ਼ਾਰਾ ਕਰੀਏ

•



## ਜ਼ਿੰਦਗੀ ਹੀਣਾ ਸਫ਼ਰ

ਹੌਕਿਆਂ 'ਚੋਂ ਸਿਲ੍ਹ ਕਸ਼ੀਦ ਕਰ ਰਹੀ ਹਾਂ
ਆਪਣੀ ਪਿਆਸ ਲਈ ਕਸੋਰੇ ਭਰ ਰਹੀ ਹਾਂ

ਹਾਲੇ ਵੀ ਸਾਹਾਂ 'ਚੋਂ ਛੱਲਾਂ ਉੱਠਦੀਆਂ
ਉਨ੍ਹਾਂ ਹੀ ਲਹਿਰਾਂ ਦੇ ਉੱਤੇ ਤਰ ਰਹੀ ਹਾਂ

ਕਿੱਥੋਂ ਉੱਠੀ ਹੈ ਤੂਫ਼ਾਨੀ ਇਹ ਹਵਾ
ਜਿਸ ਦੇ ਅੰਦਰ ਘੁੱਟੀ ਘੁੱਟੀ ਮਰ ਰਹੀ ਹਾਂ

ਇਕ ਅਨਾਮ ਤੇ ਆਵਾਰਾ ਦਰਦ ਹੈ
ਜਿਸ ਦੀ ਪਰਿਕਰਮਾ ਨਿਰੰਤਰ ਕਰ ਰਹੀ ਹਾਂ

ਇਸ ਖ਼ਲਾਅ ਦੀ ਮੈਂ ਕਹਾਣੀ ਕੀ ਕਹਾਂ
ਜਿਸ ਦੇ ਅੰਦਰ ਡੁੱਬਦੀ ਨਾ ਤਰ ਰਹੀ ਹਾਂ

ਏਨਾ ਖ਼ਾਲੀ ਹੋਣਾ ਮਨ ਦਾ ਕੀ ਭਲਾ
ਖ਼ਾਲੀਪਣ ਦੇ ਹੀ ਅੰਬਾਰ ਭਰ ਰਹੀ ਹਾਂ

ਯਾਦਾਂ ਦੇ ਇਸ ਸ਼ਹਿਰ ਕੋਈ ਨਾਂ ਨਹੀਂ
ਜਿਸ ਨੂੰ ਸੋਚਾਂ ਨਾਮ ਆਪਣੇ ਕਰ ਰਹੀ ਹਾਂ

ਰਿਸ਼ਤਿਆਂ ਦੀ ਭੀੜ ਵਾਲੇ ਦੇਸ਼ ਵਿਚ
ਇਹ ਇਕੱਲਾ ਚੁੱਪ ਸਫ਼ਰ ਮੈਂ ਕਰ ਰਹੀ ਹਾਂ

ਨਾਮ ਇਸ ਦਾ ਫਿਰ ਵੀ ਰਹਿਣਾ ਜ਼ਿੰਦਗੀ ਹੀ
ਜ਼ਿੰਦਗੀ ਹੀਣਾ ਸਫ਼ਰ ਜੋ ਕਰ ਰਹੀ ਹਾਂ

•

## ਤੁਰ ਪਏ ਹਾਂ

ਤੁਰ ਪਏ ਹਾਂ ਗੋਲ ਗੋਲ, ਪਿੰਡ ਬਣਾਉਣ ਲਈ
ਆਪਣੇ ਸਾਰੇ ਸੰਦ ਉਸ ਦੀ ਝੋਲ ਪਾਉਣ ਲਈ

ਤਿਰਛੀ ਨਜ਼ਰ ਤੇ ਤਰ ਹਵਾਵਾਂ ਦਰ ’ਤੇ ਆਈਆਂ ਨੇ
ਖੇਤਾਂ ਦੇ ਸੁਪਨੇ ਪੀਸ ਕੇ ਸੁਰਮਾ ਬਣਾਉਣ ਲਈ

ਸੁਪਨੇ ਸਾਡੇ ਘੋਲ ਮੰਡੀ ਨੇ ਬਣਾ ਲਏ ਰੰਗ
ਚਾਵਾਂ ਵਿਚ ਸਾਰੇ ਅਸੀਂ ਹਾਂ ਰੰਗ ਪਵਾਉਣ ਲਈ

ਪਾਟੇ ਹੋਏ ਬੋਝਿਆਂ ’ਚੋਂ ਆਸਾਂ ਕਿਰਦੀਆਂ
ਲੈ ਗਿਆ ਬਾਜ਼ਾਰ ਸ਼ੀਸ਼ੇ ਵਿਚ ਸਜਾਉਣ ਲਈ

ਇਕ ਰੋਜ਼ ਜ਼ਿੰਦਗੀ ਤੂੰ ਸਾਡੇ ਵਿਹੜੇ ਆ ਤਾਂ ਸਹੀ
ਖ਼ੁਦਕੁਸ਼ੀ ਦੇ ਜੰਗਲਾਂ ਵਿਚ ਝਾਤ ਪਾਉਣ ਲਈ

ਐ ਹਵਾ! ਕੁਝ ਮੇਰੇ ਅੰਦਰ, ਮੈਨੂੰ ਰਹਿਣ ਦੇ
ਘੁਲ ਨਾ ਜਾਵਾਂ ਸਾਰੀ ਤੇਰੇ ਨਾਲ ਆਉਣ ਲਈ

ਸਰਘੀ ਦੇ ਸੂਰਜ ਦੀ ਕਿਰਨੇ, ਧਰਤ ਸਾਡੀ ਆ
ਡਾਢੇ ਉਦਾਸ ਬੀਜਾਂ ਨੂੰ ਮੁੜ ਤੋਂ ਮਨਾਉਣ ਲਈ

•



## ਆ ਹਵਾਏ

ਆ ਹਵਾਏ, ਸੋਚੀਏ ਤਾਂ ਕੀ ਕੀ ਕਰ ਸਕਦੇ ਭਲਾ
ਕਿੰਜ ਸਮੇਂ ਦੀ ਪਕੜ ’ਚੋਂ ਤੂੰ ਸਕਦੀ ਸਾਡੇ ਨਾਲ ਆ

ਰੁਕ ਗਏ ਨੇ ਬੰਦ ਗਲੀਏ, ਤੇਰੀ ਬੇਰੁਖ਼ੀ ਦੇ ਕਰਕੇ
ਦਰ ਤੇਰੇ ਦੇ ਸਨ ਸਵਾਲੀ, ਪੌਣੇ, ਇਹ ਦਰਵੇਸ਼ ਸਾਹ

ਕਿਉਂ ਸਮੇਂ ਦੇ ਨਾਲ ਹੀ, ਤੁਰਦੀ ਸਦਾ ਤੂੰ ਐ ਹਵਾਏ
ਇਹ ਕਿਸੇ ਦਾ ਨਾਂ, ਤੁਰਨ ਪਰ ਨਾਲ ਤੇਰੇ ਸਾਡੇ ਸਾਹ

ਕਰ ਸਕੇਂਗੀ ਜ਼ਿੰਦਗੀ ਨੂੰ, ਕਿੰਜ ਹੁੰਮਸ ਤੋਂ ਆਜ਼ਾਦ
ਨੀਂਦ ਛੱਡ ਕੇ ਜੇ ਸਕੀ ਨਾ, ਤੂੰ ਕੋਈ ਨ੍ਹੇਰੀ ਵਗਾ

ਹਰ ਹਨੇਰੀ, ਹਰ ਸਮੇਂ ਆਉਂਦੀ ਨਹੀਂ ਮਿੱਟੀ ਉਡਾਉਣ
ਆਈ ਤੇ ਆਵੇ ਤਾਂ ਸਕਦੀ, ਵਕਤ ਦੀ ਹਰ ਕੰਧ ਢਾਹ

•

## ਕਿਹੜੀ ਲਿੱਪੀ ਵਿਚ ਲਿਖੀਏ

ਐ ਹਵਾਏ! ਸੁਪਨਿਆਂ ਦੀਆਂ, ਟੱਪਰੀਆਂ 'ਚੋਂ ਹੋ ਕੇ ਆ
ਖਾਨਾਬਦੋਸ਼ ਚਿਹਰਿਆਂ ਨੂੰ, ਸੋਚ ਦੇ ਜਲ ਧੋ ਕੇ ਆ

ਕੁਝ ਸਵੇਰੇ ਮੂਰਛਿਤ, ਅੰਦਰੋਂ ਜਿਊਂਦੇ ਹੋਣਗੇ
ਉਨ੍ਹਾਂ ਉੱਤੇ ਚਾਨਣੇ, ਚਾਵਾਂ ਦੇ ਛਿੱਟੇ ਪਾ ਜਗਾ

ਖ਼ੁਦਕੁਸ਼ੀ ਦੇ ਦੌਰ ਅੰਦਰ, ਸੁੰਨ ਨਗਰੀ ਦਾ ਅਜ਼ਾਬ
ਕਿਹੜੀ ਲਿੱਪੀ ਵਿਚ ਲਿਖੀਏ, ਸਾਨੂੰ ਹੁਣ ਉਹੀ ਸਿਖਾ

ਸ਼ਹਿਰ ਦੀ ਸਾਰੀ ਹੀ ਛਾਂ ਨੂੰ, ਛਾਂਗ ਕੇ ਹੁਣ ਦਾ ਸਮਾਂ
ਮੰਨ ਬੈਠਾ ਹੈ ਕਿ ਆਪਣਾ ਫ਼ਰਜ਼ ਮੈਂ ਦਿੱਤਾ ਨਿਭਾ

ਛਾਵਾਂ ਦੀਆਂ ਕਬਰਾਂ ਦੇ ਉੱਤੇ, ਤਪਸ਼ ਦੇ ਤਾਣੀ ਚੰਦੋਏ
ਵਿਕਾਸ ਗਾ ਰਿਹਾ ਹੈ ਗਾਣਾ, ਕੁਰਸੀਆਂ ਦੇ ਨਾਮ ਦਾ

ਆ ਗਿਆ ਹੈ ਕੋਈ ਸ਼ਕੁਨੀ, ਮੋਹ ਦੀਆਂ ਤੰਦਾਂ ਵਿਚਾਲੇ
ਚਾਹ ਰਿਹਾ ਹੈ ਫਿਰ ਤੋਂ ਦੇਵੇ, ਕੋਈ ਮਹਾਂਭਾਰਤ ਜਗਾ

ਬੇਲਾਗਤਾ ਦੇ ਸੀਨਿਆਂ ਵਿਚ, ਵਾਵਰੋਲਾ ਹੋ ਕੇ ਜਾਹ
ਖੰਡਰਾਂ 'ਚੋਂ ਜਾਗ ਜਾਵੇ, ਜੀਣ ਦਾ ਇਕ ਸਿਲਸਿਲਾ

•



## ਪਲਕਾਂ ਦੇ ਅੰਦਰਵਾਰ

ਖੋਲ੍ਹਣ ਲੱਗੀਓ, ਨੀ ਮੇਰੀ ਅੱਖੀਓ
ਜੇ ਸੁਪਨੇ ਦੇ ਦੁਆਰ
ਸਿੱਖ ਲਓ ਤੱਕਣਾ, ਨੀ ਮੇਰੀ ਸਖੀਓ
ਅੱਥਰੂਆਂ ਤੋਂ ਪਾਰ

ਸੁਪਨੇ ਬਲੌਰੀ ਦੇ ਕੇ ਦਸਤਕ
ਜ਼ਿੰਦਗੀ ਦੇ ਰਾਹਾਂ 'ਤੇ
ਕੱਚ ਖਿਲਾਰ ਕੇ ਤੁਰ ਜਾਂਦੇ ਨੇ
ਸਾਹਾਂ ਦੇ ਰਾਹਾਂ 'ਤੇ
ਅੱਥਰੂਆਂ ਨੇ ਧੋਂਦੇ ਰਹਿਣਾ
ਦਿਲ ਦੇ ਪਾਰ ਉਰਾਰ
ਖੋਲ੍ਹਣ ਲੱਗੀਓ...

ਡਲ੍ਹਕਣ ਕੋਸੇ, ਖਾਰੇ ਅੱਥਰੂ
ਮਨ ਦੇ ਮੋਤੀ ਬਣ ਕੇ
ਦਰਦ ਦੇ ਕਾਸਦ, ਜਿੰਦ ਦੇ ਸਾਥੀ
ਪੀੜਾਂ ਦੇ ਇਹ ਮਣਕੇ
ਅੱਥਰੂ ਹੀ ਤਾਂ ਵੱਸਣ ਹਰ ਪਲ
ਜਿੰਦ ਤੇ ਮਨ ਵਿਚਕਾਰ
ਖੋਲ੍ਹਣ ਲੱਗੀਓ...

ਸੁਪਨੇ ਦੇ ਗਰਭ 'ਚ ਜੰਮੇ ਅੱਥਰੂ
ਸਾਹਾਂ ਨੂੰ ਪੀ ਕੇ ਪਲਦੇ
ਤਾਰਿਆਂ ਤੇ ਸਤਰੰਗੀਆਂ ਦੀਆਂ
ਕਬਰਾਂ 'ਚੋਂ ਨਿਕਲਦੇ
ਤੁਰਦੇ ਅੱਖੀਆਂ 'ਚੋਂ ਵਣਜਾਰੇ
ਦਰਦ ਦਾ ਕਰਨ ਵਪਾਰ

ਸੁਪਨੇ ਦੀ ਕਿਸਮਤ ਕੌਣ ਲਿਖੇ ਨੀ
ਕੌਣ ਭਰੇ ਇਹਦੇ ਰੰਗ ਨੀ
ਚਿਤਵਨ ਦੇ ਪਲ, ਆਪ ਸਪੋਲੀਏ
ਜਾਣ ਰੰਗਾਂ ਨੂੰ ਡੰਗ ਨੀ
ਅੱਖੀਏ ਮੇਰੀਏ, ਰੱਖ ਸੁਪਨੇ ਨੂੰ
ਪਲਕਾਂ ਦੇ ਅੰਦਰਵਾਰ

ਖੋਲ੍ਹਣ ਲੱਗੀਓ ਨੀ ਮੇਰੀ ਅੱਖੀਓ
ਜੇ ਸੁਪਨੇ ਦੇ ਦੁਆਰ
ਸਿੱਖ ਲਓ ਤੱਕਣਾ ਨੀ ਮੇਰੀ ਸਖੀਓ
ਅੱਥਰੂਆਂ ਤੋਂ ਪਾਰ

•



## ਸਾਹ ਦਾ ਸਮਾਨ ਗੁੰਮ ਹੈ

ਮੇਰਾ ਕੁਝ ਸਾਮਾਨ ਗੁੰਮ ਹੈ
ਵਿਚ ਮੇਰੀ ਜਾਨ ਗੁੰਮ ਹੈ
ਜ਼ਿੰਦਗੀ 'ਚ ਜੀਂਦੇ ਹੋਣ ਦਾ
ਹਰ ਇਕ ਨਿਸ਼ਾਨ ਗੁੰਮ ਹੈ

ਰਿਸ਼ਤੇ ਦੀ ਹਰ ਲੜੀ 'ਚੋਂ
ਬਸ ਮੋਹ ਦੀ ਤਾਨ ਗੁੰਮ ਹੈ
ਜਿੰਦ ਲਾ ਕੇ ਪਲੀਆਂ ਫ਼ਸਲਾਂ
ਮੰਡੀ 'ਚ ਮਾਣ ਗੁੰਮ ਹੈ

ਮੀਲਾਂ 'ਚ ਖਿੱਲਰੇ ਸ਼ਹਿਰੀਂ
ਘਰ ਦਾ ਨਿਸ਼ਾਨ ਗੁੰਮ ਹੈ
ਪੁੱਛਾਂ ਤੇ ਕਿਸ ਨੂੰ ਪੁੱਛਾਂ
ਜੋ ਇਨਸਾਨ ਗੁੰਮ ਹੈ

ਪੌਣਾਂ 'ਚ ਸਾਹ ਜੋ ਛਿੜਕੇ
ਪਾਵਨ ਅਜ਼ਾਨ ਗੁੰਮ ਹੈ
ਧੂੰਏਂ 'ਚ ਫਸੀਆਂ ਵਾਵਾਂ
ਸਾਹ ਦਾ ਸਮਾਨ ਗੁੰਮ ਹੈ

ਮੇਰਾ ਕੁਝ ਸਮਾਨ ਗੁੰਮ ਹੈ
ਵਿਚ ਮੇਰੀ ਜਾਨ ਗੁੰਮ ਹੈ

•

## ਐ ਪੌਣ ਮੇਰੀ ਚੁੰਨੀ ਨਾ ਉਡਾ

ਸਾਹਾਂ ਦੀ ਹਵਾ ਨਾ ਹਿਲਾ ਮੈਨੂੰ
ਮੇਰੇ ਅੰਦਰੋਂ ਬਿਰਖ਼ ਨਾ ਜਾਗ ਪਵੇ
ਆਪਣੇ ਸੁੱਕਦੇ ਪੱਤੇ ਤੱਕ ਕੇ
ਕੋਈ ਰੋਗ ਨਾ ਨਵਾਂ ਵਿਹਾਝ ਬਹੇ।

ਐ ਪੌਣ ਮੇਰੀ ਚੁੰਨੀ ਨਾ ਉਡਾ
ਪੱਲੇ ਦੀ ਗੰਢ ਨਾ ਖੁੱਲ੍ਹ ਜਾਵੇ
ਮੇਰੇ ਚਾਰ ਚੁਫ਼ੇਰੇ ਰੇਤੇ ਵਿਚ
ਉਮਰਾਂ ਦਾ ਸੱਚ ਨਾ ਡੁੱਲ੍ਹ ਜਾਵੇ।

ਪਾਣੀ, ਨਾ ਆਪਣੀ ਲਹਿਰ ਛੁਹਾ
ਜ਼ਖ਼ਮਾਂ ਤੋਂ ਲੇਪ ਨਾ ਖੁਰ ਜਾਵੇ
ਕੱਚੀ ਮਿੱਟੀ ਦੀ ਢੇਰੀ ਦਾ
ਸਬਰਾਂ ਦਾ ਬੰਨ੍ਹ ਨਾ ਭੁਰ ਜਾਵੇ।

ਐ ਚਾਨਣ, ਪਲਕਾਂ ਨੂੰ ਨਾ ਜਗਾ
ਕੋਈ ਸੁਪਨਾ-ਹੀ ਨਾ ਜਾਗ ਪਏ
ਉਹਦੇ ਦਿਲ ਦੇ ਟੁੱਟੇ ਕੱਚ ਵਿਚੋਂ
ਕੋਈ ਚੀਸ ਨਾ ਬਣ ਕੇ ਰਾਗ ਬਹੇ।

ਮਿੱਟੀ ਮੇਰੀ, ਨਾ ਖੁਰਦੀ ਜਾਹ
ਤੇਰੇ ਅੰਦਰ ਹੀ ਨਾ ਧਸ ਜਾਵਾਂ
ਅੰਦਰ ਕੋਈ ਲਾਵਾ ਉਬਲ ਪਵੇ
ਉਸੇ ਵਿਚ ਹੀ ਨਾ ਫਸ ਜਾਵਾਂ।

ਐ ਧੁੱਪ ਗਹਿਰੀ, ਅੰਦਰ ਨਾ ਜਾਹ
ਨਾ ਜੰਮੀ ਪੀੜ ਪਿਘਲ ਜਾਵੇ



ਮੇਰੀ ਸਾਰੀ ਜਿੰਦ ਵਿਚ ਰਚ ਜਾਵੇ
ਮਿੱਟੀ ਵਿਚ ਮਿੱਟੀ ਮਿਲ ਜਾਵੇ।

ਐ ਅੰਬਰ ਵੱਸ ਏਵੇਂ ਵੀ ਕਦੇ
ਜ਼ਿੰਦਗੀ ਦੀ ਉਦਾਸੀ ਧੁਪ ਜਾਵੇ
ਤੇ ਪੁੰਗਰਨ ਤੁਰਿਆ ਬੀਜ ਕੋਈ
ਆਪਣੇ ਅੰਦਰੇ ਨਾ ਲੁਕ ਜਾਵੇ।

•

## ਠਹਿਰੇ ਹੋਏ ਪਲ

ਸਾਹਾਂ ਵਿਚ ਠਹਿਰੇ ਹੋਏ ਪਲਾਂ ਨੂੰ, ਓ ਦੋਸਤਾ
ਹਿਲਾ ਦੇ ਇਕ ਵਾਰ
ਘੋਲ ਕੇ ਅਹਿਸਾਸਾਂ ਵਿਚ ਸਾਰੇ ਮੇਰੀ ਜਿੰਦ ਨੂੰ
ਪਿਲਾ ਦੇ ਇਕ ਵਾਰ।

ਸਮਿਆਂ 'ਚ ਰੁਕੇ ਹੋਏ ਸਾਰੇ ਚੰਨ ਤਾਰਿਆਂ ਦੇ
ਜਾਲੇ ਲਾਹ ਕੇ
ਪੱਥਰਾਂ ਜਿਹੇ ਪਲ ਓਹਲੇ ਸੁੱਤੀ ਹੋਈ ਕੋਈ
ਬੱਦਲੀ ਜਗਾ ਕੇ
ਤਪੀ ਤਪੀ ਖਿੱਲਰੀ ਜਿਹੀ 'ਵਾ ਦੇ ਤਨ ਮਨ 'ਤੇ
ਵਰ੍ਹਾ ਦੇ ਇਕ ਵਾਰ
ਸਾਹਾਂ ਵਿਚ ਠਹਿਰੇ ਹੋਏ...

ਅੱਖੀਆਂ ਦੇ ਨੀਰ ਵਿਚ ਡੁੱਬ ਰਹੇ ਸੁਪਨੇ ਦੇ
ਲਾਰਿਆਂ ਨੂੰ ਛੂਹ
ਨਜ਼ਰਾਂ 'ਚ ਤਣੇ ਹੋਏ ਜਾਲਿਆਂ ਦੇ ਅੰਦਰੋਂ
ਉਨ੍ਹਾਂ ਨੂੰ ਕਦੇ ਧੂਹ
ਜ਼ਿੰਦਗੀ ਦੇ ਅੰਬਰਾਂ 'ਤੇ ਘਰ ਦੇ ਕੇ ਉਨ੍ਹਾਂ ਨੂੰ
ਵਸਾ ਦੇ ਇਕ ਵਾਰ
ਸਾਹਾਂ ਵਿਚ ਠਹਿਰ ਹੋਏ...


ਪਰਤਾਂ ਹੀ ਪਰਤਾਂ ਨੇ ਸੋਚਾਂ ਦੀਆਂ ਸੱਜਣਾਂ ਵੇ
ਜਿੰਦ ਦੇ ਦਰੀਂ
ਪਰਤਾਂ 'ਚ ਘੁੰਮਦੇ ਨੇ ਜੀਣ ਦੇ ਆਸਾਰ ਸਾਰੇ
ਸੋਚਾਂ ਦੇ ਘਰੀਂ
ਚੇਤਿਆਂ ਦੇ ਥੱਬਿਆਂ 'ਚੋਂ ਬੁੱਲ੍ਹਾ ਕੋਈ ਪੌਣ ਦਾ



ਲਿਆ ਦੇ ਇਕ ਵਾਰ
ਸਾਹਾਂ ਵਿਚ ਠਹਿਰੇ ਹੋਏ...

ਸਾਹਾਂ ਵਿਚ ਠਹਿਰੇ ਹੋਏ ਪਲਾਂ ਨੂੰ ਓ ਦੋਸਤਾ
ਹਿਲਾ ਦੇ ਇਕ ਵਾਰ
ਘੋਲ ਕੇ ਅਹਿਸਾਸਾਂ ਵਿਚ ਸਾਰੇ ਮੇਰੀ ਜਿੰਦ ਨੂੰ
ਪਿਲਾ ਦੇ ਇਕ ਵਾਰ।

•



## ਸੁਪਨੇ ਓ ਸੁਪਨੇ

ਸੁਪਨੇ ਓ ਸੁਪਨੇ, ਕਦੇ ਸਾਡੀ ਨੀਂਦ ਵਿਚੋਂ
ਲੰਘ ਜਾਇਆ ਕਰ
ਕਾਲੀਆਂ ਉਦਾਸੀਆਂ ਦੇ, ਗੁੰਮ ਰਾਹਾਂ ਵਿਚ ਤਾਰੇ
ਟੰਗ ਜਾਇਆ ਕਰ
ਥੱਕੀ ਹੋਈ ਰਾਤ ਵਿਚ
ਢਲ ਰਹੀ ਜ਼ਿੰਦਗੀ ਦਾ ਹੱਥ ਵੀ ਫੜੀਂ
ਚਾਨਣਾਂ ਦੇ ਰਾਹਾਂ ਵਿਚ
ਖੜ੍ਹੇ ਪਰਛਾਵਿਆਂ ਦੇ ਸਾਹਵੇਂ ਵੀ ਅੜੀਂ
ਆਉਂਦੇ ਜਾਂਦੇ ਸਾਹਾਂ ਵਿਚ
ਸਰਘੀ ਤੋਂ ਕੋਈ ਟੂਣਾ ਮੰਗ ਜਾਇਆ ਕਰ
ਸੁਪਨੇ ਓ ਸੁਪਨੇ...

ਦੇਰ ਤੋਂ ਇਹ ਜਿੰਦ
ਗੁੰਮਸੁੰਮ ਪਗਡੰਡੀਆਂ 'ਤੇ ਰਹੇ ਫਿਰਦੀ
ਕਣੀਆਂ ਦੀ ਆਸ ਵਿਚ
ਤਪੇ ਹੋਏ ਅੰਬਰਾਂ ਤੋਂ ਰੇਤ ਕਿਰਦੀ
ਬੱਦਲੀ ਕੋਈ ਅੰਬਰਾਂ 'ਤੇ
ਸੋਨ ਕਿਨਾਰੀ ਵਾਲੀ ਟੰਗ ਜਾਇਆ ਕਰ
ਸੁਪਨੇ ਓ ਸੁਪਨੇ...

ਅੱਖੀਆਂ ਹਨੇਰਿਆਂ 'ਚ ਗੁੰਮ ਤੈਨੂੰ
ਤੱਕਣਾ ਨਾ ਭੁੱਲ ਜਾਣ ਵੇ
ਸਰਘੀ ਦੇ ਰੰਗ ਸਾਰੇ
ਕਾਲੇ ਰੰਗ ਨਾਲ ਹੀ ਨਾ ਤੁਲ ਜਾਣ ਵੇ
ਆਪਣੇ ਹੀ ਕੋਲੋਂ ਬਸ
ਆਪਣੀ ਹੀ ਸੁਖ ਹੁਣ ਮੰਗ ਜਾਇਆ ਕਰ
ਸੁਪਨੇ ਓ ਸੁਪਨੇ...



ਕਿਸੇ ਪਲ ਵੀ ਨਾ
ਤੇਰੇ ਖਾਕਿਆਂ ਦੇ ਵਿਚ ਕਦੇ ਰੰਗ ਭਰਨਾ
ਆਪਣੇ ਅੱਥਰੂਆਂ ਦੇ ਸਾਰੇ ਹੀ ਸਮੁੰਦਰਾਂ ਨੂੰ
ਆਪੇ ਤਰਨਾ
ਸਮਿਆਂ ਦੇ ਵਾਲਾਂ ਵਿਚ
ਆਪਣੇ ਉਗਾਏ ਫੁੱਲ ਟੰਗ ਜਾਇਆ ਕਰ
ਸੁਪਨੇ ਓ ਸੁਪਨੇ...

ਸੁਪਨੇ ਓ ਸੁਪਨੇ ਕਦੇ ਸਾਡੀ ਨੀਂਦ ਵਿਚੋਂ
ਲੰਘ ਜਾਇਆ ਕਰ
ਕਾਲੀਆਂ ਉਦਾਸੀਆਂ ਦੇ ਗੁੰਮ ਰਾਹਾਂ ਵਿਚ
ਤਾਰੇ ਟੰਗ ਜਾਇਆ ਕਰ

•



## ਦਿਨ ਢਲੇ

ਦਿਨ ਢਲੇ ਜਦ ਚੰਨ ਚੜ੍ਹੇ
ਮੇਰੇ ਨਾਲ ਚੱਲ ਪਰਛਾਵਿਆਂ
ਸੁੰਨ ਦੇ ਇਸ ਦੌਰ ਵਿਚ
ਸਾਥੀ 'ਚ ਢਲ ਪਰਛਾਵਿਆਂ

ਜਦ ਕਦੇ ਯਾਦਾਂ ਦਾ ਮੂਕ
ਕਾਫ਼ਲਾ ਅੰਦਰ ਤੁਰੇ
ਚੁੱਪ ਦੀ ਇਸ ਭੀੜ ਵਿਚ
ਆਖ਼ਰ ਇਹੀ ਫੁਰਨਾ ਫੁਰੇ
ਲੰਬੇ ਉਦਾਸ ਸਫ਼ਰ ਵਿਚ
ਮੇਰੇ ਨਾਲ ਰਲ ਪਰਛਾਵਿਆਂ
ਦਿਨ ਢਲੇ...

ਬੁੱਤ ਹਨੇਰੇ ਦਾ ਹੈਂ ਤੂੰ
ਪਰ ਚਾਨਣਾਂ ਦਾ ਯਾਰ ਤੂੰ
ਖ਼ੁਦ ਹੀ ਖ਼ੁਦ 'ਚੋਂ ਟੋਲਦੀ
ਜਦ ਗੁੰਮਦਾ ਹਰ ਵਾਰ ਤੂੰ
ਮੇਰਾ ਹੋ ਕੇ ਨਾਲ ਮੇਰੇ
ਕਿਉਂ ਇਹ ਛਲ ਪਰਛਾਵਿਆਂ
ਦਿਨ ਢਲੇ...

ਉਂਜ ਤਾਂ ਅੰਦਰ, ਵੀ ਮੇਰੇ
ਪਰਛਾਵਿਆਂ ਦੇ ਕਾਫ਼ਲੇ
ਘੁੰਮਦੇ ਬੇਚੈਨ ਜਿਉਂ ਨੇ
ਨਿਥਾਵਿਆਂ ਦੇ ਕਾਫ਼ਲੇ
ਪਰ ਬਾਹਰ ਦੇ ਘੁੱਪ ਘੇਰ ਵਿਚ



ਡਾਢੀ ਇਕੱਲ ਪਰਛਾਵਿਆਂ
ਦਿਨ ਢਲੇ...

ਤੂੰ ਹਨੇਰਿਆਂ ਦੇ ਰੰਗ ਦਾ
ਨਿੱਤ ਚਾਨਣਾ 'ਚੋਂ ਲੰਘਦਾ
ਫਿਰ ਵੀ ਹਨੇਰੇ ਆਉਣ 'ਤੇ
ਕਿਉਂ ਨਾਲ ਹੋਣੋਂ ਸੰਗਦਾ
ਆ ਕੇ ਮੇਰੀ ਇਕੱਲ ਨੂੰ ਤੂੰ
ਦੂਰ ਘੱਲ ਪਰਛਾਵਿਆਂ
ਦਿਨ ਢਲੇ...

ਦਿਨ ਢਲੇ ਜਦ ਚੰਨ ਚੜ੍ਹੇ
ਮੇਰੇ ਨਾਲ ਚੱਲ ਪਰਛਾਵਿਆਂ
ਸੁੰਨ ਦੇ ਇਸ ਦੌਰ ਵਿਚ
ਸਾਥੀ 'ਚ ਢਲ ਪਰਛਾਵਿਆਂ

•

## ਮਨ ਦਾ ਸ਼ੀਸ਼ਾ

ਜਿੰਦੇ! ਤੂੰ ਪਲ ਕੁ ਠਹਿਰ ਜਾਹ
ਮੈਂ ਮਨ ਦਾ ਸ਼ੀਸ਼ਾ ਤੱਕ ਲਵਾਂ
ਜ਼ਖ਼ਮ ਦੇ ਹਰ ਨਿਸ਼ਾਨ ਨੂੰ
ਮੁੜ ਤੋਂ ਪਰਖ ਲਵਾਂ

ਹਰ ਇਕ ਦਰਦ ਦੀ ਪੈੜ 'ਚੋਂ
ਮੁੜ ਕੇ ਗੁਜ਼ਰ ਲਵਾਂ
ਆਪਣੇ ਸਵਾਲ ਕਰ ਲਵਾਂ
ਉਸ ਦੇ ਉਜ਼ਰ ਲਵਾਂ
ਚੁੱਪ ਉਜ਼ਰ ਮੇਰੇ ਵੀ ਤਾਂ
ਪੁੱਛਣਗੇ ਕੁਝ ਜ਼ਰੂਰ ਹੀ
ਸੋਚਾਂ ਕਿ ਕਿਸ ਨਿਸ਼ਾਨੇ 'ਤੇ
ਹੁਣ ਖ਼ੁਦ ਨੂੰ ਰੱਖ ਲਵਾਂ
ਤੇ ਫਿਰ ਪਰਖ ਲਵਾਂ

ਮੇਰੇ ਜ਼ਖ਼ਮ ਦਾ ਹਰ ਦਾਗ਼ ਤਾਂ
ਖ਼ੁਦ ਇਕ ਕਿਤਾਬ ਹੈ
ਜ਼ਿੰਦਗੀ ਦੇ ਸਾਰੇ ਖਿੰਡੇ
ਸਾਹਾਂ ਦਾ ਹਿਸਾਬ ਹੈ
ਕਿੰਨਾ ਕੁ ਹਿੱਸਾ ਹੋਰਾਂ ਦਾ
ਕਿੰਨੀ ਨਾਦਾਨੀ ਆਪਣੀ
ਨਾਦਾਨ ਹੋਣ ਦਾ ਆਜ਼ਾਬ
ਫਿਰ ਤੋਂ ਚੱਖ ਲਵਾਂ
ਖ਼ੁਦ ਨੂੰ ਪਰਖ ਲਵਾਂ

ਜਦ ਵੀ ਕਦੇ, ਕਿਸੇ ਜ਼ਖ਼ਮ ਦਾ
ਪਰਦਾ ਖੋਲ੍ਹਦੀ ਹਾਂ ਮੈਂ



ਤੜਪ ਰਹੇ ਪਲਾਂ ਦੀਆਂ
ਪਰਤਾਂ ਹੀ ਫੋਲਦੀ ਹਾਂ ਮੈਂ
ਪੀੜਾਂ ਦੇ ਸ਼ੋਰ ਵਿਚ ਮੈਂ
ਆਪੀਂ ਗੁਆਚ ਕੇ
ਸਾਰੇ ਹਰੇ ਜ਼ਖ਼ਮ ਮੈਂ ਫਿਰ
ਸੀਨੇ 'ਚ ਰੱਖ ਲਵਾਂ
ਤੇ ਮੁੜ ਪਰਖ ਲਵਾਂ

ਫਿਰ ਤੋਂ ਸਮੇਂ ਨੂੰ ਰੋਕ ਕੇ
ਮਨ ਦਾ ਸ਼ੀਸ਼ਾ ਪੂੰਝ ਕੇ
ਸੋਚ ਦੇ ਖੰਭ ਖਿੱਲਰੇ
ਵਿਹੜੇ 'ਚੋਂ ਹੂੰਝ ਕੇ
ਪੀੜਾਂ ਦੀਆਂ ਕੂੰਜਾਂ ਲਈ
ਕੁਝ ਗ਼ਮ ਦਾ ਖਾਜਾ ਪਾ ਦਿਆਂ
ਬਾਕੀ ਦਿਆਂ ਗ਼ਮਾਂ ਨੂੰ ਚੁੱਕ
ਸ਼ਬਦਾਂ 'ਚ ਰੱਖ ਲਵਾਂ
ਤੇ ਮੁੜ ਪਰਖ ਲਵਾਂ

ਜਿੰਦੇ! ਤੂੰ ਪਲ ਕੁ ਠਹਿਰ ਜਾ
ਮੈਂ ਮਨ ਦਾ ਸ਼ੀਸ਼ਾ ਤੱਕ ਲਵਾਂ

•

## ਬਿੱਛੂ

ਮੇਰੇ ਗੀਤ ਨੂੰ ਬਿੱਛੂ ਲੜ ਗਿਆ ਨੀ
ਉਹਦਾ ਜ਼ਹਿਰ ਰਗ਼ਾਂ ਨੂੰ ਚੜ੍ਹ ਗਿਆ ਨੀ

ਇਹਦੇ ਥਿੜਕੇ ਥਿੜਕੇ ਸੁਰ ਮਾਏ
ਜੋ ਗਾਉਂਦਿਆਂ ਜਾਂਦੇ ਭੁਰ ਮਾਏ
ਹੁਣ ਮਾਂਦਰੀਆਂ ਵੱਲ ਤੁਰ ਮਾਏ
ਡੰਗ ਸਾਹਾਂ ਵਿਚ ਹੀ ਅੜ ਗਿਆ ਨੀ
ਮੇਰੇ ਗੀਤ ਨੂੰ...

ਇਹਦੇ ਅੱਖਰ ਰੂਪ ਵਟਾ ਗਏ ਨੇ
ਹਰ ਤਾਨ ਤੋਂ ਖਿਸਕੀ ਜਾ ਰਹੇ ਨੇ
ਇਹਦਾ ਸਹਿਜ ਤਰੰਨਮ ਢਾਹ ਰਹੇ ਨੇ
ਕਿਸ ਸ਼ੋਰ ਦੀ ਗਲੀਏ ਵੜ ਗਿਆ ਨੀ
ਮੇਰੇ ਗੀਤ ਨੂੰ...

ਇਹ ਬਿੱਛੂ ਜ਼ਹਿਰ ਫ਼ਿਜ਼ਾਵਾਂ ਦਾ
ਗੁੰਮਰਾਹ ਕਾਫ਼ਲਾ ਹਾਵਾਂ ਦਾ
ਇਹ ਚੁਗਦਿਆਂ ਦਾਣਾ ਚਾਵਾਂ ਦਾ
ਕਿਸ ਹਵਾ ਦੇ ਖੰਭੀਂ ਚੜ੍ਹ ਗਿਆ ਨੀ
ਮੇਰੇ ਗੀਤ ਨੂੰ...

•



## ਉਦਾਸੀ ਠੀਕ ਨਹੀਂ

ਹੌਲੇ ਹੌਲੇ ਛੂਹ ਸ਼ਬਦਾਂ ਨੂੰ
ਮੇਰੇ ਗੀਤ, ਉਦਾਸੀ ਠੀਕ ਨਹੀਂ
ਆਪਣੀ ਸਮਰੱਥਾ ਤੇ ਤੇਰੀ
ਇਹ ਬੇਵਿਸ਼ਵਾਸੀ ਠੀਕ ਨਹੀਂ

ਤੇਰੇ ਫੁੱਲਾਂ ਵਰਗੇ ਸ਼ਬਦ ਨਹੀਂ
ਚੰਚਲ ਜੇਹਾ ਪਰਤੌਅ ਵੀ ਨਾ
ਬੁਝੀਆਂ ਬੁਝੀਆਂ ਸੋਚਾਂ ਤੇਰੀਆਂ
ਕੋਈ ਆਸ ਦੀ ਜੋਤ, ਜਲੌਅ ਵੀ ਨਾ
ਸਾਹਾਂ ਦੀ ਸਰਗਮ ਜੋੜਦਿਆਂ
ਦੁਖਦੀ ਜਿਹੀ ਹਾਸੀ ਠੀਕ ਨਹੀਂ
ਹੌਲੇ ਹੌਲੇ...

ਬਿਰਖ਼ਾਂ ਦੀ ਪਿਆਸ ਰਹੀ ਢਲਦੀ
ਤੇ ਸਿਮਟ ਕੇ ਕੰਡੇ ਬਣ ਆਏ
ਮਨੋ ਇਕੱਲੇ ਕੰਡੇ ਰਹਿੰਦੇ
ਕੂਲੀ ਛੋਹ ਦੇ ਤਿਰਹਾਏ
ਪੱਲੂ ਨੂੰ ਛੂੰਹਦਾ ਹਰ ਕੰਡਾ
ਬੇਸ਼ਗਨੀ ਦਾ ਪ੍ਰਤੀਕ ਨਹੀਂ
ਹੌਲੇ ਹੌਲੇ...

ਤੇਰੇ ਸ਼ਾਮ ਸਲੇਟੀ ਬੁੱਲ੍ਹਾਂ ਵਿਚ
ਚੁੱਪ ਧੁਖਦੇ ਧੁਖਦੇ ਰਾਜ਼ ਤੇਰੇ
ਮੁਸਕਾਨ ਦੇ ਸਾਵੇਪਣ ਅੰਦਰ
ਕੁੱਸਦੇ ਜਿਹੇ ਸਭ ਅਲਫ਼ਾਜ਼ ਤੇਰੇ
ਸਾਵੇ ਪੱਲੂ ਦੇ ਉਹਲੇ ਵਿਚ
ਹੋਣਾ ਬਨਵਾਸੀ ਠੀਕ ਨਹੀਂ
ਹੌਲੇ ਹੌਲੇ...

ਸਾਹਾਂ ਦੇ ਵਾਵਰੋਲੇ ਸਹੀ
ਕੋਈ ਜੁਗਨੂੰ ਨਾ ਕੋਈ ਤਾਰਾ ਨਾ
ਸਿਸਕੀਆਂ ਵਰਗੀਆਂ ਤਾਨਾਂ ਨੂੰ
ਕਿਸੇ ਸਾਜ਼ ਦਾ ਕੋਈ ਸਹਾਰਾ ਨਾ
ਫਿਰ ਵੀ ਸਾਹ ਦੇਂਦੀਆਂ ਪੌਣਾਂ ਦੀ
ਹੌਕੇ 'ਚ ਨਿਕਾਸੀ ਠੀਕ ਨਹੀਂ
ਹੌਲੇ ਹੌਲੇ...

ਚਾਨਣ ਪਲਕਾਂ ਨੂੰ ਛੂਹਣ ਤਾਂ ਦੇ
ਮੁਸਕਾਨ ਤੋਂ ਪਰਦੇ ਸਰਕਣ ਦੇ
ਦਰਦਾਂ ਦੇ ਗਹਿਰੇ ਸਾਗਰ ਨੂੰ
ਅੰਦਰ ਹੀ ਅੰਦਰ ਛਲਕਣ ਦੇ
ਹਾਸੇ ਹੌਕੇ ਵਿਚਲਾ ਪਰਦਾ
ਦੋ ਦੇਸਾਂ ਵਿਚਲੀ ਲੀਕ ਨਹੀਂ
ਹੌਲੇ ਹੌਲੇ...

•



## ਦਰਿਆ

ਮੇਰੇ ਅੰਦਰ ਇਕ ਦਰਿਆ ਵਹਿੰਦਾ
ਮੈਨੂੰ ਆਪਣੇ ਵਿਚ ਘੁਲ ਜਾ ਕਹਿੰਦਾ

ਜੋੜੇ ਆਪਣਾ ਕਤਰਾ ਕਤਰਾ
ਕਦੇ ਸਾਰੀ ਹੋਂਦ ਖਿੰਡਾ ਬਹਿੰਦਾ

ਕਦੇ ਰੇਤ ਬਰੇਤੇ ਉੱਭਰਦੇ
ਕਦੇ ਉਛਲ ਕੇ ਕੰਢੇ ਢਾਹ ਬਹਿੰਦਾ

ਖੰਭੜੀ ਖੰਭੜੀ ਯਾਦਾਂ ਚਿਤਵੇ
ਕਦੇ ਹਰ ਇਕ ਨੂੰ ਉੱਡ ਜਾ ਕਹਿੰਦਾ

ਕਦੇ ਆਪਣੀ ਗਹਿਰ 'ਚ ਗੁੰਮ ਜਾਵੇ
ਦੂਜੇ ਪਲ ਹੋ ਸ਼ੀਸ਼ਾ ਬਹਿੰਦਾ

ਕਦੇ ਲੁਕਦਾ ਆਪਣੀ ਮਿੱਟੀ ਵਿਚ
ਕਦੇ ਅੰਬਰ ਨਾਲ ਵੀ ਜਾ ਖਹਿੰਦਾ

ਕਦੇ ਭਰੀ ਦੁਪਹਿਰੇ ਸੁੰਨ ਹੋਵੇ
ਕਦੇ ਸੀਤ 'ਚ ਆਪਾ ਤਾਅ ਬਹਿੰਦਾ

ਕਦੇ ਭਰੇ ਕਲਾਵੇ ਮੰਡਲਾਂ ਨੂੰ
ਕਦੇ ਖ਼ੁਦ ਨਾਲ ਆਢਾ ਲਾ ਬਹਿੰਦਾ

ਕਤਰਾ ਕਤਰਾ ਅੱਥਰੂ ਢਲ ਕੇ
ਫਿਰ ਆਪਣੇ ਸਾਗਰ ਜਾ ਵਹਿੰਦਾ

ਮੇਰੇ ਅੰਦਰ ਇਕ ਦਰਿਆ ਵਹਿੰਦਾ
ਮੈਨੂੰ ਆਪਣੇ ਵਿਚ ਘੁਲ ਜਾ ਕਹਿੰਦਾ

•

## ਸ਼ੀਸ਼ਿਆਂ ਦੇ ਦੇਸ਼

ਸ਼ੀਸ਼ਿਆਂ ਦੇ ਇਸ ਦੇਸ਼ ਵਿਚ
ਆਪਣੇ ਤੋਂ ਲੁਕਦੇ ਫਿਰ ਰਹੇ
ਆਪਣੇ ਹੀ ਆਰ ਪਾਰ ਦੇ
ਜੰਗਲਾਂ ਵਿਚਾਲੇ ਘਿਰ ਰਹੇ

ਇਸ ਸ਼ੀਸ਼ਿਆਂ ਦੇ ਦੇਸ ਵਿਚ
ਬਸ ਕੰਕਰਾਂ ਦੇ ਢੇਰ ਨੇ
ਚਾਨਣ ਹਨੇਰ ਵਿਚ ਫਸੇ
ਨਾਵਾਂ ਦੇ ਹੇਰ ਫੇਰ ਨੇ
ਚਾਨਣਾਂ ਦਾ ਵੇਸ ਪਾ
ਹਰ ਥਾਂ ਹਨੇਰੇ ਫਿਰ ਰਹੇ
ਇਸ ਸ਼ੀਸ਼ਿਆਂ ਦੇ...

ਸ਼ੀਸ਼ੇ ਦੀ ਲਿਸ਼ਕੋਰ ਦੀ ਵੀ
ਮੜ੍ਹਕ ਥਰਥਰਾ ਰਹੀ
ਸਿਓਂਕ ਵਾਂਗਰਾਂ ਭੁਰਨ
ਚੁੱਪ ਸ਼ੀਸ਼ਿਆਂ ਨੂੰ ਖਾ ਰਹੀ
ਭੁਰਨ ਦੀ ਰੇਤ ਦੇ ਅੰਬਾਰ
ਸ਼ੀਸ਼ਿਆਂ 'ਚੋਂ ਕਿਰ ਰਹੇ
ਇਸ ਸ਼ੀਸ਼ਿਆਂ ਦੇ...

ਆਪਣੀ ਨਜ਼ਰ ਤੋਂ ਬਚਦਿਆਂ
ਅਣਚਾਹੇ ਪੈਂਡੇ ਕਰ ਰਹੇ
ਹਰ ਥਾਂ 'ਤੇ ਸ਼ੀਸ਼ੇ ਘੇਰਦੇ
ਤੇ ਲਹੂ ਲੁਹਾਨ ਕਰ ਰਹੇ
ਟੁੱਟਣੇ ਤੋਂ ਬਚਣ ਲੋਚਦੇ
ਆਪਣੇ ਲਹੂ ਵਿਚ ਤਰ ਰਹੇ
ਇਸ ਸ਼ੀਸ਼ਿਆਂ ਦੇ...

•



## ਬਚਪਨ ਦਾ ਗੁੰਮ ਗੀਤ

ਮੇਰੇ ਬਚਪਨ ਦਾ ਗੁੰਮ ਗੀਤ
ਕਿਸੇ ਖ਼ਲਾਅ ਦਾ ਵਾਸੀ ਏ
ਉਹਦਾ ਅਤਾ ਪਤਾ ਪੁੱਛਦੀ
ਪੌਣਾਂ ਦੀ ਉਦਾਸੀ ਏ

ਉਹ ਹੱਥੋਂ ਤਿਲਕ ਗਿਆ
ਤੇ ਦਿਲ ਤੋਂ ਤਿੜਕ ਗਿਆ
ਹੁਣ ਇਸ ਦੀਆਂ ਰੁੱਤਾਂ ਦੀ
ਘਬਰਾਈਆਂ ਧੁੱਪਾਂ ਦੀ
ਹਰ ਤਾਨ ਹਿਰਾਸੀ ਏ

ਇਹਦੀ ਸਰਗਮ ਦੇ ਮਣਕੇ
ਖਿੱਲਰਦੇ ਬਣ ਬਣ ਕੇ
ਸਭ ਧਾਗੇ ਖੁੱਸਦੇ ਰਹੇ
ਤੇ ਅੱਖਰ ਰੁੱਸਦੇ ਰਹੇ
ਹੁਣ ਅਜਬ ਉਦਾਸੀ ਏ

ਅੱਗ ਮਨ ਵਿਚ ਘੁੱਟ ਲੈਣੀ
ਯਖ ਉਸ 'ਤੇ ਸੁੱਟ ਲੈਣੀ
ਰੁੱਤਾਂ 'ਤੇ ਵਿਸਾਹ ਕਰਨੇ
ਫਿਰ ਠੰਢੜੇ ਸਾਹ ਭਰਨੇ
ਕੇਹੀ ਰੁੱਤ ਇਕਵਾਸੀ ਏ

ਮੇਰੇ ਬਚਪਨ ਦਾ ਗੁੰਮ ਗੀਤ
ਕਿਸੇ ਖ਼ਲਾਅ ਦਾ ਵਾਸੀ ਏ

•

## ਸਾਹਾਂ ਦੀ ਸਰਗਮ ਦੇ ਓਹਲੇ

ਕਿਧਰੇ ਅੰਦਰ ਇਸ ਸਰਗਮ ਦੇ
ਕੱਲਰ ਵੀ ਤੇ ਕੁਝ ਰੋਹੀਆਂ ਨੇ
ਸਿੰਮੀਆਂ ਮਨ ਦੀ ਮਿੱਟੀ ਵਿਚੋਂ
ਅੰਦਰ ਬਰਸਾਤਾਂ ਹੋਈਆਂ ਨੇ

ਸਾਹਾਂ ਦੀ ਸਰਗਮ ਦੇ ਓਹਲੇ
ਕੁਝ ਭੁੱਲੇ ਵਿਸਰੇ ਗੀਤ ਵੀ ਨੇ
ਕੁਝ ਆਪਣੇ ਸੇਕ 'ਚ ਪਿਘਲ ਗਏ
ਪਰ ਬਾਹਰੋਂ ਸੁੰਨ ਤੇ ਸੀਤ ਵੀ ਨੇ

ਸਾਹਾਂ ਦੀ ਸਰਗਮ ਦੇ ਓਹਲੇ
ਕੁਝ ਖਿੱਲਰ ਗਏ ਅਹਿਸਾਸ ਵੀ ਨੇ
ਜਿਵੇਂ ਤਾਰੇ ਲੱਗਦੇ ਅੰਬਰ ਦੇ
ਦੂਰ ਬੜੀ ਤੇ ਪਾਸ ਵੀ ਨੇ

ਕੁਝ ਅਣਗੌਲੇ ਤੇ ਖਿੱਲਰੇ ਜਹੇ
ਕੁਝ ਬੜੇ ਹਸਾਸ ਤਰਾਨੇ ਵੀ
ਹਰ ਵਾਰ ਹਨੇਰੀ ਨਾਲ ਬੁਝੇ
ਕੁਝ ਦੀਵਿਆਂ ਦੇ ਅਫ਼ਸਾਨੇ ਵੀ

ਕੁਝ ਚੁੱਪ ਉਦਾਸੀਆਂ ਤਾਨਾਂ ਨੇ
ਕੁਝ ਅੱਲ੍ਹੜ ਚਹਿਚਹਾਟਾਂ ਵੀ
ਕੁਝ ਚੁੱਪ ਪਿਆਸੇ ਸ਼ਬਦ ਵੀ ਨੇ
ਸਾਵਣ ਜਿਹੀਆਂ ਝਰਨਾਟਾਂ ਵੀ

ਸਾਹਾਂ ਦੀ ਸਰਗਮ ਦੇ ਓਹਲੇ
ਕੁਝ ਆਲੇ ਭੋਲੇ ਗੀਤ ਵੀ ਨੇ



ਕੁਝ ਤਾਨਾਂ ਬਣਨ ਨੂੰ ਸਹਿਕ ਰਹੇ
ਪਿਆਸੇ ਪਿਆਸੇ ਸੰਗੀਤ ਵੀ ਨੇ

ਸਰਗਮ ਦੀਆਂ ਪਰਤਾਂ ਦੇ ਅੰਦਰ
ਅਣਗੌਲੇ ਜਿਹੇ ਅਫ਼ਸਾਨੇ ਨੇ
ਕਿਤੇ ਰਿਸਦੇ ਰੰਗ ਨੇ ਬੱਦਲਾਂ 'ਚੋਂ
ਤੇ ਕਿਣਮਿਣ ਦੇ ਨਜ਼ਰਾਨੇ ਨੇ

ਸਾਹਾਂ ਦੀ ਸਰਗਮ ਦੇ ਅੰਦਰ
ਕੁਝ ਝੌਲੇ ਨੇ ਅਣਜਾਣੇ ਜਿਹੇ
ਕੁਝ ਵਿਚ ਰਿਮਝਿਮ ਹੈ ਜ਼ਿੰਦਗੀ ਦੀ
ਕੁਝ ਅਣਛੂਹੇ ਅਣਮਾਣੇ ਜਿਹੇ

•

# ਮੇਰੇ ਗੀਤ ਰੋਕਦੇ ਨੇ ਮੈਨੂੰ

ਮੇਰੇ ਗੀਤ ਰੋਕਦੇ ਨੇ ਮੈਨੂੰ ਸੁਰ ਵੱਲ ਜਾਣੋ
ਕਿ ਉੱਖੜੇ ਜਿਹੇ ਸਾਜ਼ਾਂ ਨਾਲ ਤਾਲ ਕਿਥੋਂ ਆਏਗਾ
ਜੋੜ ਸਾਰੇ ਢਿੱਲੇ ਢਿੱਲੇ ਬੇਦਿਲੇ ਤਾਰ ਨੇ
ਸੁਰ ਕੋਈ ਸ਼ਬਦਾਂ ਦੇ ਨਾਲ ਕਿਥੋਂ ਆਏਗਾ

ਧੂੰਏਂ ਦੇ ਗ਼ੁਬਾਰ ਚੁੱਕੀ ਪੌਣ ਨਿੱਤ ਤੁਰਦੀ
ਧੂੰਏਂ ਦੇ ਹੀ ਵੱਟਣੇ ਉਹ ਦਿਨਾਂ ਨੂੰ ਵੀ ਮਲਦੀ
ਰਾਤ ਪਿੱਛੋਂ ਦਿਨ ਵੀ ਤਾਂ ਰਾਤ ਰੰਗ ਨਿੱਖਰੇ
ਚਾਨਣਾਂ ਤੇ ਚਿਹਰੇ ’ਤੇ ਜਲਾਲ ਕਿਥੋਂ ਆਏਗਾ

ਦੁੱਖਾਂ ਦਿਆਂ ਮੇਲਿਆਂ ’ਚ ਭੀੜ ਹੈ ਉਦਾਸੀਆਂ ਦੀ
ਭੁੱਖ ਦਿਆਂ ਮੋਢਿਆਂ ਤੇ ਪਿਆਸ ਹੱਥ ਰੱਖਦੀ
ਤੇਹ ਦੀਆਂ ਪੈਲੀਆਂ ਦੇ, ਖੱਪੇ ਸਾਰੇ ਭਰ ਜਾਣ
ਜਾਦੂ ਜਿਹਾ ਵਰ੍ਹਦਾ ਕਮਾਲ ਕਿਥੋਂ ਆਏਗਾ

ਬੜੇ ਹੀ ਸੁਆਲ ਨੇ ਚੁਫ਼ੇਰੇ ਵਿਚ ਘੁੰਮਦੇ
ਝੀਤਾਂ ਦੇ ਬਹਾਨੇ ਨੇ, ਜੁਆਬ ਸਾਰੇ ਲੁਕਦੇ
ਉਹਲਿਆਂ ’ਚੋਂ ਖਿੱਚ ਕੇ ਲਿਆਵੇ ਜੋ ਜੁਆਬ ਸਾਰੇ
ਇੰਜ ਦਾ ਸੁਲੱਖਣਾ ਸਵਾਲ ਕਿਥੋਂ ਆਏਗਾ


ਅਜੇ ਵੀ ਨੇ ਰਿਸ਼ਤੇ ਬਰੂਹਾਂ ਵਿਚੋਂ ਝਾਕਦੇ
ਅਜੇ ਵੀ ਨੇ ਖੰਡਰਾਂ ’ਚ ਸਾਂਝ ਦੇ ਨਿਸ਼ਾਨ ਬਚੇ
ਮੋਹ ਵਾਲੀ ਦੱਬੀ ਹੋਈ ਮਿੱਟੀ ਨੂੰ ਉਛਾਲ ਦੇਵੇ
ਰਿਸ਼ਤਿਆਂ ’ਚ ਖੇਮੇ ’ਚ ਭੂਚਾਲ ਕਿਥੋਂ ਆਏਗਾ

ਸਮਿਆਂ ਦੇ ਪਾਣੀਆਂ ’ਚ ਸੋਚ ਦੀਆਂ ਮੱਛੀਆਂ
ਤਰਦੀਆਂ ਡੁੱਬਦੀਆਂ ਲਹਿਰਾਂ ਨੂੰ ਫਰੋਲਦੀਆਂ
ਕੀਮਤਾਂ ਵਿਕਾਊ ਨੇ, ਬਾਜ਼ਾਰ ਹੈ ਖ਼ਰੀਦਦਾਰ
ਬਾਜ਼ਾਰ ਨੂੰ ਜੋ ਫਾਹੇ, ਐਸਾ ਜਾਲ ਕਿਥੋਂ ਆਏਗਾ



ਦੂਰ ਤਕ ਜ਼ਿੰਦਗੀ ਨੇ ਤੁਰ ਕੇ ਵੀ ਤੱਕਿਆ
ਦੇਰ ਤਕ ਹੱਥਾਂ ਨੇ ਹਨੇਰਿਆਂ ਨੂੰ ਝੱਟਿਆ
ਸਮੇਂ ਕੋਲੋਂ ਜ਼ਿੰਦਗੀ ਲਈ ਰੌਸ਼ਨੀ ਖ਼ਰੀਦ ਲਈਏ
ਜਿੰਦ ਤੋਂ ਵਧੇਰੇ ਮਹਿੰਗਾ ਮਾਲ ਕਿਥੋਂ ਆਏਗਾ

•



## ਸੋਚਾਂ ਦੇ ਕਾਫ਼ਲੇ

ਸੋਚਾਂ ਦੇ ਕਾਫ਼ਲੇ ਠਹਿਰ
ਰੁਕ ਕੇ ਘੜੀ ਆਰਾਮ ਕਰ
ਬੇਚੈਨੀਆਂ 'ਚੋਂ ਕਿਰ ਰਿਹਾ
ਕੋਈ ਪਲ ਤਾਂ ਆਪਣੇ ਨਾਮ ਕਰ

ਪਲਾਂ ਦੀਆਂ ਪੁੜੀਆਂ ਪਕੜ
ਖੋਲ੍ਹ, ਵਿਚੋਂ ਚੁਣ ਉਮੀਦ
ਪੁਣ ਕੇ ਥੋੜ੍ਹੀ ਪੌਣ ਇਸ 'ਚੋਂ
ਸਾਹਾਂ ਦਾ ਹਿੱਸਾ ਕਸ਼ੀਦ
ਮਹਿਸੂਸ ਉਸ ਦੀ ਪਿਆਸ ਕਰ
ਤੇ ਆਪਣੇਪਣ ਦੇ ਨਾਮ ਕਰ, ਸੋਚਾਂ...

ਬਣਦਾ ਚਾਨਣ ਦੇਹ ਨਜ਼ਰ ਨੂੰ
ਉਜਲੇ ਜਿਹੇ ਰਸਤੇ ਖ਼ਰੀਦ
ਰਸਤਿਆਂ 'ਤੇ ਤੁਰਨ ਖ਼ਾਤਰ
ਬੁਣ ਲੈ ਰੰਗਾਂ ਦੀ ਉਮੀਦ
ਰੰਗਾਂ ਦੇ ਇਸ ਕਾਰਵਾਂ ਨੂੰ
ਜ਼ਿੰਦਗੀ ਦੇ ਨਾਮ ਕਰ, ਸੋਚਾਂ...

ਹਿੱਸਾ ਦੇਹ ਚਾਵਾਂ ਨੂੰ ਆਪਣਾ
ਕਦਮਾਂ ਨੂੰ ਰਾਹਾਂ ਦੀ ਦੀਦ
ਕਾਹਲੀਆਂ ਦੇ ਸਫ਼ਰ ਕੋਲੋਂ
ਥੋੜ੍ਹੀ ਮੁਹਲਤ ਵੀ ਖ਼ਰੀਦ
ਉਸੇ ਮੁਹਲਤ 'ਚੋਂ ਕੋਈ ਪਲ
ਚਾਵਾਂ ਦੇ ਵੀ ਨਾਮ ਕਰ, ਸੋਚਾਂ...

ਸੋਚਾਂ ਦੇ ਕਾਫ਼ਲੇ ਠਹਿਰ
ਰੁਕ ਕੇ ਘੜੀ ਆਰਾਮ ਕਰ
•



## ਗੀਤਾਂ ਦੀ ਉਦਾਸ ਰੂਹੇ

ਮੇਰੇ ਗੀਤਾਂ ਦੀ ਉਦਾਸ ਰੂਹੇ ਦੱਸ ਅੜੀਏ
ਕਿਵੇਂ ਜੀਣ ਵਾਲੀ ਸੁਰ ਅਸੀਂ ਦੱਸ ਫੜੀਏ

ਨਿੱਤ ਸੋਚ ਰਹਿੰਦੀ, ਉਧੜੇ ਲਿਬਾਸ ਸਿਲਦੀ
ਗੁੰਮ ਤੰਦਾਂ ਦੀ ਵੀ ਕਿਧਰੇ ਨਾ ਰਾਸ ਮਿਲਦੀ
ਕਿੰਜ ਜ਼ਿੰਦਗੀ ਦੇ ਖ਼ੁੱਸੇ ਜਾਂਦੇ ਲੜ ਫੜੀਏ, ਮੇਰੇ...

ਸਾਡੇ ਰੰਗਾਂ ਦੇ ਸਰੂਪ ਹੀ ਚੁਰਾਏ ਚਾਨਣਾਂ
ਕਿਵੇਂ ਅੱਖੀਆਂ ਨੇ ਚਾਨਣਾਂ ਦਾ ਸੰਗ ਮਾਨਣਾਂ
ਨਿੱਤ ਧੁੱਪ ਦੀਆਂ ਪਰਤਾਂ ਦੇ ਨਾਲ ਲੜੀਏ, ਮੇਰੇ...

ਤੂੰ ਤਾਂ ਆਪਣੇ ਵਰੋਲਿਆਂ 'ਚ ਜੀਣ ਸਿੱਖ ਗਈ
ਸੁਰ ਆਪਣੀ ਉਦਾਸੀਆਂ ਦੇ ਨਾਮ ਲਿਖ ਗਈ
ਕਦੇ ਰੁਕ ਕੇ ਹਵਾਵਾਂ ਨਾਲ ਲੜ ਅੜੀਏ, ਮੇਰੇ...

ਚੱਲ ਉੱਠ ਕੇ ਵੀਰਾਨੀਆਂ ਦੇ ਵਾਰ ਤੋਲੀਏ
ਸਾਹਵੇਂ ਜ਼ਿੰਦਗੀ ਦੇ ਆਪਣਾ ਜਵਾਰ ਟੋਲੀਏ
ਇਸੇ ਵਹਿਣ ਵਿਚ ਜ਼ਿੰਦਗੀ ਦੀ ਨਸ ਫੜੀਏ, ਮੇਰੇ...

ਆਪਣਿਆਂ ਰੰਗਾਂ ਦੇ ਵੀ ਤਾਰ ਕਦੇ ਫੋਲ
ਪੱਤਝੜ ਦੀਆਂ ਤਹਿਆਂ 'ਚੋਂ ਬਹਾਰ ਕਦੇ ਟੋਲ
ਟੁੱਟੇ ਸਾਹਾਂ ਵਿਚ ਜ਼ਿੰਦਗੀ ਦਾ ਨਗ ਜੜੀਏ, ਮੇਰੇ...

ਮੇਰੇ ਗੀਤ ਦੀ ਉਦਾਸ ਰੂਹੇ ਦੱਸ ਅੜੀਏ
ਕਿਵੇਂ ਜੀਣ ਵਾਲੀ ਸੁਰ ਅਸੀਂ ਦੱਸ ਫੜੀਏ।

•

## ਗੀਤ ਉਦਾਸ ਜਿਹਾ

ਇਕ ਗੀਤ ਉਦਾਸ ਜਿਹਾ ਮੇਰਾ
ਮਨ ਅੰਦਰ ਘੁੰਮਦਾ ਰਹਿੰਦਾ ਏ
ਇਕ ਪਲ ਮਨ ਵਿਚ ਫੇਰਾ ਪਾਵੇ
ਦੂਜੇ ਪਲ ਗੁੰਮਦਾ ਰਹਿੰਦਾ ਏ

ਇਹ ਗੀਤ ਬੜਾ ਬੇਚੈਨ ਰਿਹਾ
ਅੰਦਰ ਦੇ ਜੰਗਲੀਂ ਫਿਰਦਾ ਏ
ਅੱਥਰੂ ਬਣ ਕੇ ਵਹਿ ਜਾਂਦਾ
ਕਦੇ ਰੇਤਾ ਬਣ ਕੇ ਕਿਰਦਾ ਏ
ਉਸ ਰੇਤ ਦੇ ਵਾਵਰੋਲੇ ਦੇ
ਚੱਕਰਾਂ ਵਿਚ ਗੁੰਮਦਾ ਰਹਿੰਦਾ ਏ
ਇਕ ਗੀਤ...

ਇਹ ਗੀਤ ਪਪੀਹਾ ਭਟਕ ਰਿਹਾ
ਜਿਦ੍ਹੇ ਬੋਲ ਸੁੱਕੇ ਬਿਨ ਪਾਣੀ ਤੋਂ
ਲੱਭਦਾ ਫਿਰਦਾ ਸੁਪਨੇ ਆਪਣੇ
ਖ਼ੁਦ ਚਿਤਵੀ ਪਰੀ ਕਹਾਣੀ 'ਚੋਂ
ਯਾਦਾਂ ਦੀ ਰੇਤ 'ਤੇ ਅਣਹੋਈਆਂ
ਪੈੜਾਂ ਨੂੰ ਚੁੰਮਦਾ ਰਹਿੰਦਾ ਏ
ਇਕ ਗੀਤ...

ਇਹਦੇ ਪੈਰ ਨੇ ਤਪਦੇ ਪੱਥਰਾਂ 'ਤੇ
ਤੇ ਹੋਸ਼ ਖ਼ਲਾਅ ਵਿਚਕਾਰ ਕਿਤੇ
ਇਹ ਰੋਜ਼ ਕਸੀਸਾਂ ਡੀਕ ਰਿਹਾ
ਸਾਹਾਂ ਦੀ ਹਵਾ ਵਿਚਕਾਰ ਕਿਤੇ
ਪੌਣਾਂ ਦੇ ਬੁੱਤ ਬਣਾ ਕੇ ਖ਼ੁਦ
ਪਰਕਰਮਾ ਕਰਦਾ ਰਹਿੰਦਾ ਏ
ਇਕ ਗੀਤ...



ਕਦੇ ਸਾਰੇ ਮੰਡਲ ਖਿੱਲਰਦਾ
ਕਦੇ ਆਪਣੇ ਅੰਦਰੇ ਛੁਪ ਜਾਵੇ
ਹੁੰਮਸ ਦਾ ਬੱਦਲ ਬਣ ਜਾਵੇ
ਤੇ ਆਪਣੇ ਪਾਣੀ ਧੁਪ ਜਾਵੇ
ਸਾਹਾਂ ਦੀਆਂ ਖੱਦੀਆਂ ਤੰਦਾਂ ਨੂੰ
ਮੁੜ ਕੱਤਦਾ ਤੁੰਮਦਾ ਰਹਿੰਦਾ ਏ
ਇਕ ਗੀਤ...

ਇਕ ਗੀਤ ਉਦਾਸ ਜਿਹਾ ਮੇਰਾ
ਮਨ ਅੰਦਰ ਘੁੰਮਦਾ ਰਹਿੰਦਾ ਏ
ਇਕ ਪਲ ਆ ਮਨ ਵਿਚ ਰਚ ਜਾਵੇ
ਦੂਜੇ ਪਲ ਗੁੰਮਦਾ ਰਹਿੰਦਾ ਏ

•

## ਠਹਿਰ ਜੋਗੀ

ਕਦੇ ਠਹਿਰ ਜੋਗੀ ਸਾਡੇ ਇਕਤਾਰਿਆਂ ਨੂੰ ਸੁਣ
ਸਾਨੂੰ ਆਪਣੇ ਵਿਜੋਗ ਵਿਚ ਮਾਰਿਆਂ ਨੂੰ ਸੁਣ

ਕਦੇ ਚਾਨਣਾਂ 'ਚ ਠਹਿਰ ਗਏ ਹਨੇਰਿਆਂ ਨੂੰ ਛੂਹ
ਲੁਕੇ ਲਾਰਿਆਂ ਦੇ ਉਹਲੇ 'ਚ ਸਵੇਰਿਆਂ ਨੂੰ ਛੂਹ
ਲਾਹ ਦੇ ਆਪਣੀ ਹੀ ਲੋਏ ਡੁੱਬੇ ਤਾਰਿਆਂ ਦਾ ਘੁਣ
ਕਦੇ ਠਹਿਰ ਜੋਗੀ....

ਕਦੇ ਬੱਦਲਾਂ ਦੇ ਪਿੱਛੇ ਲੁਕੀ ਪਿਆਸ ਵੱਲ ਆ
ਤੇ ਉਦਾਸੀਆਂ 'ਚ ਘੁਲੀ ਜਾਂਦੀ ਆਸ ਵੱਲ ਆ
ਕਿਸੇ ਸੁਪਨੇ 'ਚੋਂ ਸਿੰਮੇ ਹੰਝੂ ਖਾਰਿਆਂ ਨੂੰ ਚੁਣ
ਕਦੇ ਠਹਿਰ ਜੋਗੀ....

ਕਦੇ ਮਿੱਟੀ ਓਹਲੇ ਸੁੱਤੇ ਹੋਏ ਰੰਗਾਂ ਨੂੰ ਜਗਾ
ਫਿਰ ਆਪੇ ਨੂੰ ਹੀ ਭੁੱਲੇ ਹੋਏ ਰਸਤੇ ਦਿਖਾ
ਫਿਰ ਜੀਣ ਹੇਠ ਦੱਬੇ ਪਏ ਸਹਾਰਿਆਂ ਨੂੰ ਬੁਣ
ਕਦੇ ਠਹਿਰ ਜੋਗੀ....

ਉਂਜ ਜੀਣ ਈ ਤਾਂ ਸਾਹਾਂ ਕੋਲ ਲਾਰੇ ਵੀ ਬੜੇ
ਦੂਰ ਅੰਬਰਾਂ 'ਚ ਘੁੰਮਦੇ ਸਿਤਾਰੇ ਵੀ ਬੜੇ
ਅਸੀਂ ਤੁਰੇ ਸੱਦ, ਸੋਚ ਦੇ ਸ਼ਰਾਰਿਆਂ ਦੀ ਸੁਣ
ਕਦੇ ਠਹਿਰ ਜੋਗੀ....

ਕਦੇ ਠਹਿਰ ਜੋਗੀ ਸਾਡੇ ਇਕਤਾਰਿਆਂ ਨੂੰ ਸੁਣ
ਸਾਨੂੰ ਆਪਣੇ ਵੈਰਾਗ ਵਿਚ ਮਾਰਿਆਂ ਨੂੰ ਸੁਣ

•



## ਪਰਤੋਂ ਪਰਤੀ

ਲੱਖਾਂ ਸੁਪਨੇ ਤਿੜਕੇ ਸੱਜਣਾ, ਬਿਨ ਅੱਖੀਆਂ ਦਰ ਆਏ
ਅੱਧ-ਵਰਿੱਤੇ ਗੀਤ ਅਨੇਕਾਂ, ਮਰ ਹੀ ਗਏ ਬਿਨ ਗਾਏ

ਪਰਤੋਂ ਪਰਤੀ ਤੁਰਦੀ ਜ਼ਿੰਦਗੀ, ਚਾਨਣ ਤਕ ਜਦ ਆਈ
ਸਾਰਾ ਚਾਨਣ ਨਿਗਲ ਗਏ ਸੀ ਖ਼ਬਰੇ ਕਿਹੜੇ ਸਾਏ

ਫਰ ਫਰ ਕਰਦੇ ਕਾਗ਼ਜ਼, ਚੁੱਕੇ ਖਾਕੇ ਅੱਧ-ਅਧੂਰੇ
ਕਦੇ ਜਿਨ੍ਹਾਂ ਦੀਆਂ ਲੀਕਾਂ ਮਿਲੀਆਂ, ਨਾ ਹੀ ਰੰਗ ਛੁਹਾਏ

ਸਾਹਾਂ ਦੇ ਰਾਹਾਂ ਵਿਚ ਅਟਕੇ, ਪੌਣਾਂ ਦੇ ਉਹ ਫੰਭੇ
ਬਣਨਾ ਸੀ ਜਿਨ੍ਹਾਂ ਨੇ, ਜ਼ਿੰਦਗੀ ਦੀ ਸੁਰ ਦੇ ਹਮਸਾਏ

ਸ਼ਬਦ ਅਨੇਕਾਂ ਪਲਾਂ ਦੇ, ਮਾਰੂਥਲ ਵਿਚ ਭਟਕੇ ਫਿਰਦੇ
ਗੀਤ ਬਣਨ ਦੀ, ਪਿਆਸ 'ਚ ਪੁੱਛਦੇ, ਕਿਸ ਨੂੰ ਕੌਣ ਮਿਲਾਏ ?

•

## ਸਮਿਆਂ ਦੇ ਪਾਣੀਆਂ 'ਚ

ਸਮਿਆਂ ਦੇ ਪਾਣੀਆਂ 'ਚ ਇਕ ਕਿਸ਼ਤੀ ਉਤਾਰੀਏ
ਧਰਤੀ ਦੇ ਉੱਤੇ ਕੁਝ ਨਵੇਂ, ਰਸਤੇ ਉਸਾਰੀਏ

ਪਗਡੰਡੀਆਂ 'ਤੇ ਲੰਘੀਆਂ ਪੈੜਾਂ ਦੀ ਭੀੜ ਛੱਡ
ਪੈਰਾਂ ਦੇ ਹੌਂਸਲੇ ਦੇ ਵਿਚ, ਸੋਚਾਂ ਉਤਾਰੀਏ

ਕੁਝ ਹੋਰ ਪੈਰ ਆਉਣ, ਤੁਰਨ ਨਵੀਆਂ ਪੈੜਾਂ 'ਤੇ
ਇਸ ਤਰ੍ਹਾਂ ਦੀ ਹੁਣ ਨਵੀਂ, ਚਿਤਵਨ ਨਿਸਾਰੀਏ

ਕੁਝ ਫੁੱਲ ਉਨੀਂਦੇ, ਖਿੱਲਰੇ ਪਏ ਸੁਪਨਿਆਂ ਸਮੇਤ
ਉਨ੍ਹਾਂ ਦੇ ਸੁਪਨਿਆਂ ਲਈ, ਧਰਤੀ ਸੁਆਰੀਏ

ਹਨੇਰਿਆਂ ਵੀ, ਬਹੁਤ ਹੀ ਇਲਜ਼ਾਮ ਸਹਿ ਲਏ
ਉਨ੍ਹਾਂ 'ਚ ਬੈਠੇ ਸੁਪਨਿਆਂ ਦੇ ਸੁਰ ਨਿਖਾਰੀਏ

ਚਾਨਣਾਂ ਦੇ ਤੇਜ਼ ਵਿਚ ਲੁਕੀਆਂ ਸ਼ਰਾਰਤਾਂ
ਨ੍ਹੇਰਿਆਂ ਦੇ ਖਾਤਿਆਂ 'ਚ, ਨਾ ਉਤਾਰੀਏ

ਕੌਣ ਪੁੱਛੇ ਚਾਨਣਾਂ ਨੂੰ, ਜੇ ਨਾ ਨ੍ਹੇਰੇ ਹੋਣ
ਉਨ੍ਹਾਂ ਦੀ ਕੁਰਬਾਨੀ ਨਾ ਏਵੇਂ ਵਿਸਾਰੀਏ

ਉਡੀਕਦੇ ਰਹਾਂਗੇ ਕਦ ਤਕ, ਅੰਬਰਾਂ ਤੋਂ ਰਹਿਮ
ਹੰਝੂਆਂ 'ਚ ਭਾਵੇਂ ਸਿੰਜੀਏ, ਸੁਪਨੇ ਪੁੰਗਾਰੀਏ

ਆਪਣੇ ਹੱਥਾਂ, ਤੇ ਸੋਚ ਆਪਣੀ, 'ਤੇ ਹੀ ਕਰ ਯਕੀਨ
ਹਿੰਮਤ ਦੀ ਕਿਸ਼ਤੀ ਜੀਣ ਦੇ, ਸਾਗਰ ਉਤਾਰੀਏ

•



## ਰੋੜਾਂ ਦਾ ਦੇਸ

ਜ਼ਿੰਦਗੀ ਦੀ ਨਜ਼ਰ ਅੰਦਰ
ਸੋਚਾਂ ਦੇ ਅਸਰ ਅੰਦਰ
ਉਲਝੀ ਹੋਈ ਜਿੰਦੜੀ ਨੂੰ
ਕਿੰਜ ਸੁਲਝੇ ਰਾਹ ਦੇਵਾਂ

ਪੀੜਾਂ ਦੇ ਵਿਛੌਣੇ ਨੇ
ਯਾਦਾਂ ਦੇ ਰੋਣੇ ਨੇ
ਸਾਹਾਂ ਦਾ ਮਲ੍ਹਮ ਲਗਾ
ਹਰ ਪਲ ਨੂੰ ਸੁਆ ਦੇਵਾਂ

ਕਿਸੇ ਚਿਤਵੇ ਪਲ ਵਿਚੋਂ
ਉਸ ਪਲ ਦੇ ਝੱਲ ਵਿਚੋਂ
ਪੁੰਗਰੀਆਂ ਆਸਾਂ ਨੂੰ
ਹੁੰਮਸ ਦੀ ਸਜ਼ਾ ਦੇਵਾਂ


ਸੁਪਨੇ ਦੀ ਪਟਾਰੀ ਵਿਚ
ਇਕ ਮਘਨ ਖੁਮਾਰੀ ਵਿਚ
ਉੱਭਰੀਆਂ ਤੇੜਾਂ ਨੂੰ
ਮਹਿਕਾਂ 'ਚ ਲੁਕਾ ਦੇਵਾਂ

ਜ਼ਿੰਦਗੀ ਦੀਆਂ ਰੀਤਾਂ 'ਚੋਂ
ਤੇੜਾਂ ਦੀਆਂ ਝੀਤਾਂ 'ਚੋਂ
ਮੁੜ ਸੁਪਨੇ ਸਿਰ ਚੁੱਕਿਆ
ਤੇੜਾਂ ਨੂੰ ਦੁਆ ਦੇਵਾਂ

ਰੋੜਾਂ ਦਾ ਦੇਸ ਸਹੀ
ਮੋੜਾਂ ਦੀ ਵਰੇਸ ਸਹੀ
ਸਾਹਾਂ ਦੀਆਂ ਪੈੜਾਂ ਦਾ
ਨਾ ਖ਼ੁਦ ਨੂੰ ਪਤਾ ਦੇਵਾਂ

ਜ਼ਿੰਦਗੀ ਦੀ ਨਜ਼ਰ ਅੰਦਰ
ਸੋਚਾਂ ਦੇ ਅਸਰ ਅੰਦਰ
ਉਲਝੀ ਹੋਈ ਜ਼ਿੰਦਗੀ ਨੂੰ
ਕਿੰਜ ਸੁਲਝੇ ਰਾਹ ਦੇਵਾਂ

•





## ਜਦੋਂ ਵੀ ਜੀਣ ਦੀ ਸੋਚਾਂ

ਜਦੋਂ ਵੀ ਜੀਣ ਦੀ ਸੋਚਾਂ
ਮੈਂ ਖ਼ੁਦ ਨੂੰ ਜਾਨਣ ਦੀ ਸੋਚਾਂ
ਖ਼ੁਦ ਤੇ ਬੇਯਕੀਨੀ 'ਚੋਂ
ਯਕੀਨ ਛਾਨਣ ਦੀ ਸੋਚਾਂ

ਸਾਹਾਂ ਦੇ ਗਹਿਰੇ ਧੂੰਏਂ 'ਚੋਂ
ਜਦੋਂ ਚਾਨਣ ਨਹੀਂ ਦਿਸਦਾ
ਧੂੰਏਂ ਦੇ ਸਾਂਵਲੇ ਜਿਹੇ ਰੂਪ ਨੂੰ ਹੀ
ਮਾਨਣ ਦੀ ਸੋਚਾਂ

ਦੁਪਹਿਰੇ ਮੇਰਾ ਪਰਛਾਵਾਂ
ਮੇਰਾ ਹੀ ਆਸਰਾ ਟੋਲੇ
ਤੇ ਮੈਂ ਪਲ ਦੋ ਪਲ ਮਿਲਿਆ ਸਾਥ
ਇਸਦਾ ਮਾਨਣ ਦੀ ਸੋਚਾਂ

ਮਿਲਣ ਜ਼ਿੰਦਗੀ ਨੂੰ ਤੁਰਦੀ ਹਾਂ
ਤਾਂ ਗਰਦਿਸ਼ ਹੀ ਖੜ੍ਹੀ ਮਿਲਦੀ
ਗਰਦਿਸ਼ ਹੈ ਜੇ ਜ਼ਿੰਦਗੀ
ਤਾਂ ਏਸੇ ਹਾਨਣ ਦੀ ਸੋਚਾਂ


ਅਨੇਕਾਂ ਅਜਨਬੀ ਜਿਹੇ ਪਲ
ਫਿਰਨ ਅਣਗੌਲੇ ਮੇਰੇ ਕੋਲ
ਉਨ੍ਹਾਂ 'ਚੋਂ ਹੀ ਆਪਣੇ ਵਰਗੇ
ਮੈਂ ਕੁਝ ਪਛਾਨਣ ਦੀ ਸੋਚਾਂ

ਬੜੀ ਹੀ ਦੂਰ ਤਕ ਤੁਰਿਆਂ ਵੀ
ਰਾਤਾਂ ਦਾ ਹੀ ਜੰਗਲ ਹੈ
ਚਲੋ ਸੋਚਾਂ ਦੇ ਪੱਤੇ ਬਾਲ ਕੇ
ਹੁਣ ਚਾਨਣ ਦੀ ਸੋਚਾਂ

ਮੇਰੀ ਆਵਾਜ਼ ਧੀਮੀ ਸਹੀ
ਪਰ ਇਸ ਦੀ ਸ਼ਿੱਦਤ ਗਹਿਰੀ ਹੈ
ਕਿ ਸ਼ਿੱਦਤ ਦੇ ਹੀ ਬੱਦਲ ਨੂੰ
ਸਾਹਾਂ ਤੇ ਤਾਨਣ ਦੀ ਸੋਚਾਂ

ਜਦੋਂ ਮੈਂ ਜੀਣ ਦੀ ਸੋਚਾਂ
ਤਾਂ ਖ਼ੁਦ ਨੂੰ ਜਾਨਣ ਦੀ ਸੋਚਾਂ
ਖ਼ੁਦ ਤੇ ਬੇਯਕੀਨੀ 'ਚੋਂ
ਯਕੀਨ ਛਾਨਣ ਦੀ ਸੋਚਾਂ

•





## ਬੁਝੀ ਸ਼ਾਮ ਦੇ ਧੂੰਏਂ ਓਹਲੇ

ਗਈ ਸ਼ਾਮ ਦੇ ਧੂੰਏਂ ਓਹਲੇ
ਸੁਪਨਾ ਕੋਈ ਬਲਦਾ ਏ
ਜ਼ਿੰਦਗੀ ਦੇ ਅਰਥਾਂ ਨੂੰ ਲੱਭਦਾ
ਅੰਗਿਆਰਾਂ 'ਤੇ ਚਲਦਾ ਏ

ਬੁਝੀ ਸ਼ਾਮ ਦੇ ਨ੍ਹੇਰੇ ਅੰਦਰ
ਜਦ ਵੀ ਰਸਤੇ ਭੁੱਲਦੇ ਨੇ
ਸੁਪਨਾ ਕੋਈ ਦੀਵੇ ਵਾਂਗਰ
ਚਾਨਣ ਖ਼ਾਤਰ ਬਲਦਾ ਏ

ਬੁਝੀ ਸ਼ਾਮ ਦਾ ਸੌਲਾ ਚਿਹਰਾ
ਸੁਪਨ ਪੌਣ ਸਹਿਲਾ ਦੇਵੇ
ਉਸੇ ਛੋਹ ਦੇ ਓਹਲੇ ਉੱਗ ਕੇ
ਸੁਬ੍ਹਾ ਦਾ ਚਾਨਣ ਪਲਦਾ ਏ

ਬੁਝੀ ਸ਼ਾਮ ਦਾ ਪਲ ਕੋਈ ਜਦ
ਜਗ ਪੈਂਦਾ ਚੰਗਿਆੜੇ ਹੋ
ਚਾਨਣ ਦਾ ਤਪਦਾ ਝੌਲਾ
ਫਿਰ ਤੋਂ ਆਸਾਂ ਨੂੰ ਛਲਦਾ ਏ

ਬੁਝੀ ਸ਼ਾਮ ਯਾਦਾਂ ਦਾ ਮੇਲਾ
ਰਾਤ ਗਈ ਤਕ ਜਾਗ ਲਵੇ
ਦਿਨ ਨੂੰ ਸੁਰਖ਼ ਜਿਹੇ ਡੋਰੇ
ਤੱਕ ਕੇ ਅੱਖੀਆਂ ਨੂੰ ਮਲਦਾ ਏ

ਬੁਝੀ ਸ਼ਾਮ ਦਾ ਚਿਹਰਾ ਪੂੰਝਣ
ਕਦੇ ਕਦਾਈਂ ਆਵੇ ਚਾਨਣ
ਸ਼ਾਮ ਦਾ ਰੰਗ ਉਸ 'ਤੇ ਆਪਣੇ
ਗਹਿਰੇ ਪਰਛਾਵੇਂ ਮਲਦਾ ਏ

ਬੁਝੀ ਸ਼ਾਮ ਦਾ ਰੰਗ ਸਲੇਟੀ
ਆਖ਼ਰ ਅੰਦਰੇ ਘੁਲ ਜਾਵੇ
ਆਪਣੇ ਅੰਦਰ ਗਹਿਰਾ ਹੋ ਕੇ
ਮੁੜ ਆਪੇ ਨੂੰ ਛਲਦਾ ਏ

ਬੁਝੀ ਸ਼ਾਮ ਦੇ ਧੂੰਏਂ ਓਹਲੇ
ਸੁਪਨਾ ਕੋਈ ਬਲਦਾ ਏ
ਜ਼ਿੰਦਗੀ ਦੇ ਅਰਥਾਂ ਨੂੰ ਲੱਭਦਾ
ਅੰਗਿਆਰਾਂ 'ਤੇ ਚਲਦਾ ਏ

•



## ਬੁੱਤ ਨਹੀਂ ਕੋਈ

ਮੰਦਰ ਉਸਾਰਿਆ, ਕਦੇ ਸਿਜਦੇ ਨੂੰ ਆਉਣ ਲਈ
ਬੁੱਤ ਨਹੀਂ ਕੋਈ ਵੀ ਪਰ, ਅੰਦਰ ਟਿਕਾਉਣ ਲਈ

ਬੰਦ ਕੀਤੇ ਸੀ ਝਰੋਖੇ, ਖ਼ੁਦ ਦੀ ਰਾਖੀ ਲਈ
ਡੱਕ ਲਿਆ ਹੁੰਮਸ, ਸਾਹਾਂ ਦੇ ਤੰਦ ਪਾਉਣ ਲਈ

ਲੂਣ ਦੀ ਤਾਸੀਰ ਐਸੀ, ਡਾਢੀ ਦਾ ਕੀ ਰਾਜ਼
ਮਿੱਠੀ ਨਦੀ ਸਾਗਰ 'ਚ ਡੁੱਬੀ, ਥਾਹ ਹੀ ਪਾਉਣ ਲਈ

ਜਦ ਕਦੇ ਸੰਦਲੀ ਹਵਾਵਾਂ, ਆਈਆਂ ਸਾਡੇ ਘਰ
ਦਰ ਤੇ ਧੂੰਏਂ ਮਿਲ ਪਏ, ਗਲਵੱਕੜੀ ਪਾਉਣ ਲਈ

ਜ਼ਿੰਦਗੀ ਦੀ ਲੰਬੀ ਵਾਟ ਤੇ, ਥਲ ਤੇ ਹਨੇਰੀਆਂ
ਬਿਰਖ਼ ਨਾ ਛੱਪਰ ਕਿਤੇ ਵੀ, ਸਿਰ ਲੁਕਾਉਣ ਲਈ

•

## ਸਾਹਾਂ ਦਾ ਲੇਖਾ

ਜ਼ਿੰਦਗੀ ਦੀ ਹਰ ਤੋਰ ਵਿਚ ਅਲਗਰਜ਼ੀ ਹੈ
ਸਾਹਾਂ ਦਾ ਲੇਖਾ ਬਹੁਤਾ ਹੀ ਫ਼ਰਜ਼ੀ ਹੈ

ਆਪਣੇ ਹੀ ਰਾਹਾਂ 'ਤੇ ਉਲਝੀ ਏਸ ਤਰ੍ਹਾਂ
ਜਿਥੋਂ ਮਰਜ਼ੀ ਤੁਰਦੀ, ਜਿਧਰ ਮਰਜ਼ੀ ਹੈ

ਚਿੜ੍ਹ ਹੈ ਇਸ ਨੂੰ ਜਨਮਜਾਤ ਹੀ ਖ਼ੁਸ਼ੀਆਂ ਤੋਂ
ਚਾਵਾਂ ਤੋਂ ਤਾਂ ਬਿਲਕੁਲ ਜਿਵੇਂ ਅਲਰਜੀ ਹੈ

ਖੁੱਲ੍ਹੇ ਦਿਲਾਂ ਨੂੰ ਤੰਗ ਤੇ ਤੰਗ ਦਿਲਾਂ ਨੂੰ ਖੁੱਲ੍ਹੇ
ਜ਼ਿੰਦਗੀ ਉਲਟੇ ਚੋਲੇ ਸੀਂਦਾ ਦਰਜ਼ੀ ਹੈ

ਆਪਣੀ ਪਿਆਸ ਦੀ ਡਾਢੀ ਸ਼ਿੱਦਤ ਦੇ ਕੇ ਵੀ
ਉਸ ਨੇ ਇਕ ਇਕ ਬੂੰਦ ਅਸਾਨੂੰ ਵਰਜ਼ੀ ਹੈ

•

## ਸਿੱਖ ਲਿਆ ਹੈ ਖ਼ੁਦ ਨੂੰ ਵਰਾ ਲੈਣਾ

ਸਿੱਖ ਲਿਆ ਹੈ ਖ਼ੁਦ ਨੂੰ ਵਰਾ ਲੈਣਾ
ਐਵੇਂ ਆਪਣੇ ਨਾਲ ਮੁਸਕਰਾ ਲੈਣਾ

ਕੁਝ ਭਰਮ ਦੇਂਦੀ ਏ ਆਪ ਜ਼ਿੰਦਗੀ
ਬਾਕੀ ਸਭ ਆਪੇ ਹੀ ਕਰ ਕਰਾ ਲੈਣਾ

ਤੱਕਣਾ ਸ਼ੀਸ਼ੇ 'ਚ ਐਵੇਂ ਹੀ ਕਦੇ
ਤੇ ਅਕਸ ਨੂੰ ਆਪਣਾ ਬਣਾ ਲੈਣਾ

ਸ਼ੀਸ਼ਿਆਂ ਦੀ ਦੁਨੀਆਦਾਰੀ ਆਈ ਨਾ
ਮੁੜੇ ਕੋਈ ਤਾਂ ਅਕਸ ਵੀ ਮਿਟਾ ਲੈਣਾ

ਆਪਣੇ ਪੈਰਾਂ 'ਤੇ ਪੈਂਦੇ ਛਾਲਿਆਂ ਲਈ
ਸੋਚਾਂ ਤੇ ਖ਼ਿਆਲਾਂ ਤੋਂ ਦੁਆ ਲੈਣਾ

ਆਪਣੇ ਕਿਸੇ ਦੇ ਦਿੱਤੇ ਜ਼ਖ਼ਮ ਲਈ
ਆਪਣੇਪਨ ਦਾ ਹੀ ਹੌਂਸਲਾ ਲੈਣਾ

ਜ਼ਿੰਦਗੀ ਨੇ ਸਬਕ ਵੀ ਦਿੱਤੇ ਨਾਯਾਬ
ਖ਼ੁਦ ਨੂੰ ਭਾਲਦੇ ਹੀ, ਆਪਾ ਗੁਆ ਲੈਣਾ

•

## ਸਿਖਿਆ ਕਿਸ ਪਲ ਸੀ ਖ਼ਬਰੇ

ਸਿਖਿਆ ਕਿਸ ਪਲ ਸੀ ਖ਼ਬਰੇ ਹੋਸ਼ਮੰਦ ਰਹਿਣਾ
ਬੇਫ਼ਿਕਰ ਹੋ ਜਾਣ ਲਈ ਹੀ, ਫ਼ਿਕਰਮੰਦ ਰਹਿਣਾ

ਜਦ ਕਦੇ ਸਾਹਾਂ ਨੂੰ ਸਾਂਵੇਂ ਕਰਨ ਦੇ ਪਲ ਆਉਣ
ਸਾਹ ਵਿਚਾਲੇ ਛੱਡ, ਘੜੀ ਦੇ ਹੀ ਪਾਬੰਦ ਰਹਿਣਾ

ਬਣ ਗਿਆ ਹੈ ਜੀਣ, ਹੁਣ ਇਕ ਕੈਦ ਜ਼ਿਹਨ ਦੀ
ਸਾਂਭਦੇ ਗੀਤਾਂ ਦੇ ਹੀ, ਬਸ ਕਮਰਬੰਦ ਰਹਿਣਾ

ਤੁਰਨਾ ਤਾਂ ਰਸਤੇ ਤਰਾਸ਼ਣ, ਜ਼ਿੰਦਗੀ ਜਿੱਤਣ
ਜੀਂਦੇ ਹਰ ਪਲ ਬਣ ਕੇ, ਪਰ ਜ਼ਿੰਦਗੀ ਦੇ ਸੰਦ ਰਹਿਣਾ

ਪਲਟ ਜਾਂਦਾ ਏ ਸਮਾਂ, ਹਰ ਮੋੜ 'ਤੇ ਸਿਖਾ ਕੇ
ਸੁਪਨਿਆਂ ਨੂੰ ਰੋਟੀ ਦੇ ਡੱਬੇ 'ਚ ਬੰਦ ਰਹਿਣਾ

•



## ਲੋਆਂ ਦੇ ਉਸਰੇ ਕੋਟ ਵਿਚ

ਚੰਨ ਦੀ ਚਾਨਣੀ ਵਰ੍ਹੇ
ਲੋਆਂ ਦੇ ਕੋਟ ਉੱਸਰ ਰਹੇ
ਰਿਸ਼ਮਾਂ ਲੁਕ ਛਿਪ ਕਰਦੀਆਂ
ਸਾਰਾ ਅਰਸ਼ ਝਿਲਮਿਲ ਕਰੇ

ਸੁੱਤੇ ਨੇ ਫੁੱਲ ਤੇ ਤਿਤਲੀਆਂ
ਪੌਣ ਪੱਤੀਆਂ 'ਤੇ ਤਰੇ
ਕਾਲੀ ਚੁੰਨੀ ਤੇ ਜੁਗਨੂੰਆਂ
ਚਾਨਣੇ ਤੋਪੇ ਭਰੇ

ਕੋਈ ਪੌਣ ਬੱਦਲੀ ਖਿੱਚ ਕੇ
ਅੰਬਰ ਦੇ ਚਿਹਰੇ 'ਤੇ ਧਰੇ
ਏਧਰੋਂ ਕਦੇ ਓਧਰੋਂ
ਕੋਈ ਤਾਰਾ ਵੀ ਟਿਮਟਿਮ ਕਰੇ

ਲੋਆਂ ਦੇ ਉੱਸਰੇ ਕੋਟ ਵਿਚ
ਕੋਈ ਕਿਰਨ ਜਦ ਝੁੰਮਰ ਕਰੇ
ਜਿੰਦ ਤੇ ਮੈਂ ਸੋਚੀਏ
ਹੁਣ, ਕੌਣ ਕਿਸ ਦੀ ਗੱਲ ਕਰੇ

ਕੀ ਦਰਦ ਨੇ ਇਸ ਕਿਰਨ ਦੇ
ਨਾਚ ਉਹਲੇ ਜੋ ਭਰੇ
ਹਾਸਿਆਂ ਦੇ ਚਿਹਰਿਆਂ
ਉਹਲੇ ਲੁਕਾ ਕੋ ਜੋ ਧਰੇ

ਕਿਰਨਾਂ ਦੇ ਲੇਖੀਂ ਟੁੱਟਣਾ
ਜਿਉਂ ਆਸ ਟੁੱਟੇ ਸਾਹ ਭਰੇ

ਸਾਹਾਂ ਦੇ ਕੱਚ ਦੇ ਕੋਈ
ਜਿਉਂ ਰੇਤ ਵਿਚ ਟੋਟੇ ਕਰੇ

ਚਾਨਣਾਂ ਦੀ ਜਿੰਦ ਨੂੰ
ਕੋਈ ਦਰਦ ਏਵੇਂ ਵੱਸ ਕਰੇ
ਸਾਹਾਂ ਨੂੰ ਸੀਂਦੀ ਪੌਣ ਦੇ
ਧਾਗੇ ਦੇ ਹੀ ਟੋਟੇ ਕਰੇ

ਇਹ ਸਾਵੀਂ ਲੱਗਦੀ ਜ਼ਿੰਦਗੀ ਦੇ
ਅਕਸ ਵਾਂਗੂੰ ਹੀ ਕਰੇ
ਦਰਦਾਂ ਦੇ ਗਹਿਰੇ ਜ਼ਖ਼ਮ 'ਤੇ
ਜਿਉਂ ਮਖ਼ਮਲੀ ਪਰਦੇ ਧਰੇ

•



## ਐ ਮੇਰੀ ਜਿੰਦ

ਅੰਬਰ 'ਚ ਫੈਲੀ ਚਾਨਣੀ, ਤੂੰ ਜੋਸ਼ ਵਿਚ
ਆਪਣੇ ਚਾਨਣ 'ਚ ਮੱਤੀ, ਹੋਸ਼ ਵਿਚ
ਤੱਕ ਕਿੰਨੇ ਤਾਰੇ ਚਾਨਣ ਡੁੱਬ ਕੇ
ਘੁੱਟੀ ਬੈਠੇ ਸਾਹ, ਤੇਰੀ ਆਗੋਸ਼ ਵਿਚ

ਐ ਹਵਾ, ਤੂੰ ਜ਼ਿੰਦਗੀ ਦੇ ਵੇਸ ਵਿਚ
ਵਹਿ ਜਾ, ਟੁੱਟੇ ਤਾਰਿਆਂ ਦੇ ਦੇਸ ਵਿਚ
ਭਰ ਕੇ ਬਣ ਜਾਹ, ਇਨ੍ਹਾਂ ਦੇ ਸਾਹਾਂ ਦਾ ਦਮ
ਜੀ ਸਕਣ, ਟਿਮਕਣ ਦੀ ਜੋ ਵਰੇਸ ਵਿਚ

ਧੁੱਪ ਸੁਨਹਿਰੀ, ਤੂੰ ਸੁਬਕ ਲਿਬਾਸ ਵਿਚ
ਕੋਸੇ ਕੋਸੇ ਮੋਹ ਭਰੇ ਹੁਲਾਸ ਵਿਚ
ਜ਼ਿੰਦਗੀ ਨੂੰ ਵੀ ਕਲਾਵੇ ਵਿਚ ਲੈ
ਭਟਕਦੀ ਫਿਰਦੀ ਥਲੀਂ ਬਨਵਾਸ ਵਿਚ

ਐ ਮੇਰੀ ਜਿੰਦ ਖ਼ੁਦ ਹੈਂ ਆਪਣਾ ਦੇਸ ਤੂੰ
ਦਰਦ-ਰੱਤੇ ਸਾਹਾਂ ਦਾ ਵੀ ਵੇਸ ਤੂੰ
ਆਪਣੀ ਕਾਇਨਾਤ ਦੇ ਪਾਸਾਰ ਵਿਚ
ਸਿਰਜ ਬੈਠੀ ਆਪਣਾ ਹੀ ਪਰਦੇਸ ਤੂੰ

ਐ ਮੇਰੀ ਚੁੱਪ, ਜਿੰਦ ਦਾ ਲਿਬਾਸ ਬਣ
ਬੇਬਸੀ ਬੋਲਾਂ ਦੀ ਦਾ ਧਰਵਾਸ ਬਣ
ਜਿਨ੍ਹਾਂ ਤੋਂ ਟੋਟੇ ਨਾ ਆਪਣੇ ਸੰਭਲਦੇ
ਉਨ੍ਹਾਂ ਸ਼ਬਦਾਂ ਦਾ ਕੋਈ ਆਵਾਸ ਬਣ

ਸੁਣ ਮਿੱਟੀਏ, ਮਟਿਆਲੇ ਤਨ 'ਚੋਂ
ਦਰਦਾਂ ਦੇ ਬੀਜਾਂ ਨੂੰ ਸਾਂਭਣ ਵਾਲੇ ਮਨ 'ਚੋਂ

ਆਪਣੇ ਹੀ ਖਾਕੇ 'ਚੋਂ ਕੋਈ ਗੀਤ ਜਗਾ
ਫੁੱਟ ਪਵੇ ਜੋ ਬੰਸੀ ਹੋ ਕੇ ਆਪਣੇ ਬਨ 'ਚੋਂ

ਦੀਵੇ ਦੀ ਮੈਂ ਲਟ ਲਟ ਬਲਦੀ ਰੌਸ਼ਨੀ
ਦੀਵੇ ਨੂੰ ਪਰ ਆਪਣੀ ਕੋਈ ਹੋਸ਼ ਨਹੀਂ
ਮੜੀਆਂ ਦੀ ਅਗਨੀ ਦੇ ਚਾਨਣ ਦੀ ਤਰ੍ਹਾਂ
ਲਟ ਲਟ ਬਲਦੇ ਜੀਣ ਦੇ ਸਭ ਜੋਸ਼ ਨੀ

•



## ਬੇਦਿਲ ਵਗਣ ਹਵਾਵਾਂ

ਸਾਰੀ ਧਰਤੀ ਸਾਰੇ ਸਾਗਰ ਟੋਹ ਟੋਹ ਆਉਣ ਹਵਾਵਾਂ
ਘੋਰ ਉਦਾਸੀ ਲੈ ਲੈ ਆਵਣ, ਇਹ ਸਾਹਾਂ ਦੀਆਂ ਮਾਵਾਂ

ਕਿੰਜ ਆਖ਼ਰ ਬੇਰੰਗ ਤਸਵੀਰਾਂ, ਨਜ਼ਰਾਂ ਵਿਚੋਂ ਸਰਕਣ
ਹੱਥੀਂ ਤੋਰੇ ਬਿਰਖ਼ਾਂ ਸੰਗ ਜਦ, ਰੋਂਦੀਆਂ ਤੁਰੀਆਂ ਛਾਵਾਂ

ਕੱਟੇ ਬਿਰਖ ਪੰਖੇਰੂ ਬੇਘਰ, ਸੁੰਞ ਮਸੁੰਞੀ ਧਰਤੀ
ਸਭ ਦੇ ਰਿਸਦੇ ਹੌਕੇ ਪੀ ਕੇ, ਬੇਦਿਲ ਵਗਣ ਹਵਾਵਾਂ

ਸਾਹ ਸੂਤੇ ਬਿਰਖ਼ਾਂ ਦੇ ਪੱਤੇ, ਤੜਪ ਤੜਪ ਕੇ ਸੁੱਕੇ
ਖੱਦੀਆਂ ਹੋ ਕੇ ਟੁੱਟੀਆਂ ਜਦ ਵੀ, ਰਿਸ਼ਤੇ ਦੀਆਂ ਤਣਾਵਾਂ

ਰੇਤੇ ਵਿਚ ਲਪੇਟ ਲੈ ਗਏ, ਪਾਣੀਆਂ ਨੂੰ ਵੀ ਮੌਸਮ
ਜਿਨ੍ਹਾਂ ਵਗਣਾ ਸੀ ਸ਼ਹੁ ਬਣ ਕੇ, ਸਿੰਜਣ ਚਾਰ ਦਿਸ਼ਾਵਾਂ

ਰੁੱਤਾਂ ਆਵਣ ਰੁੱਤਾਂ ਜਾਵਣ, ਬਣਦੀਆਂ ਨਾ ਤਸਵੀਰਾਂ
ਹੂੰਝ ਰਹੇ ਨੇ ਗਹਿਰੇ ਧੂੰਏਂ, ਰੁੱਤਾਂ ਦਾ ਸਿਰਨਾਵਾਂ

ਪੌਣਾਂ ਨੂੰ ਹੁਣ ਰੋਕ ਖੜ੍ਹਾ ਏ, ਹਰ ਰਸਤਾ ਹੀ ਆ ਕੇ
ਜਿੰਦੇ ਤੇਰੇ ਸਾਹਾਂ ਦਾ ਹੁਣ, ਹਰ ਦਸਤੂਰ ਨਿਥਾਵਾਂ

ਸਾਰੀ ਧਰਤੀ ਸਾਰੇ ਸਾਗਰ, ਟੋਹ ਟੋਹ ਆਉਣ ਹਵਾਵਾਂ
ਘੋਰ ਉਦਾਸੀ ਲੈ ਕੇ ਆਵਣ, ਇਹ ਸਾਹਾਂ ਦੀਆਂ ਮਾਵਾਂ

•

## ਰੁੱਤਾਂ ਦੀ ਕੁਟੀਆ ਵਿਚ

ਰੁੱਤਾਂ ਦੀ ਕੁਟੀਆ ਦੇ ਅੰਦਰ, ਦਿਲਾਂ ਦੇ ਖਾਨੇ ਖੋਲ੍ਹਦੀ ਹਾਂ
ਪਲਾਂ ਦੀਆਂ ਪੁੜੀਆਂ ਦੀ ਜਦ, ਮਿੱਟੀ ਫਰੋਲਦੀ ਹਾਂ

ਖ਼ੁਦ ਨੂੰ ਵਿਚੋਂ ਚੀਰ ਕੇ, ਉਲਟੇ ਸਿਰਿਆਂ 'ਤੇ ਖੜਦੀ ਹਾਂ
ਰਿਸ਼ਤੇ ਦੀ ਪੁਸਤਕ ਦੇ ਸਾਰੇ, ਪੰਨਿਆਂ ਨੂੰ ਟੋਲਦੀ ਹਾਂ

ਉਡਦੀ ਮਿੱਟੀ ਧੁੰਦਲਾ ਮੰਡਲ, ਤੇ ਗਹਿਰਾ ਗਹਿਰਾ ਧੂੰਆਂ
ਦਿਸ਼ਾਹੀਣ ਹੋਈਆਂ ਵਾਵਾਂ, ਸਾਹਾਂ 'ਚ ਘੋਲਦੀ ਹਾਂ

ਆਪਣੇ ਹੀ ਪਰਛਾਵੇਂ ਉਹਲੇ ਲੁਕ ਜਾਵਾਂ ਤੇ ਤਿੜਕ ਪਵਾਂ
ਦੋਸਤੀਆਂ ਤੇ ਰਿਸ਼ਤਿਆਂ ਦੇ, ਜਦ ਮੋਹ ਮੈਂ ਤੋਲਦੀ ਹਾਂ

ਅੱਥਰੂ ਰੋਕਣ ਦੀ ਕੋਸ਼ਿਸ਼ ਕਰਦੇ, ਹੋਰ ਵਧੇਰੇ ਹੜ੍ਹ ਆਵੇ
ਖ਼ੁਦ ਨੂੰ ਘੁੱਟਦੀ ਅੰਦਰ ਹੀ, ਆਪਾ ਸਾਰਾ ਮੈਂ ਡੋਲ੍ਹਦੀ ਹਾਂ

•



## ਚਿਤਵਨ ਦੇ ਰਾਹ ਰੋੜ

ਢਲੀ ਸ਼ਾਮ ਮੈਂ ਲੋਆਂ ਵਿਚ
ਚੰਨ ਨੂੰ ਫੜਦੀ ਉਲਝ ਗਈ ਹਾਂ
ਤਾਰਿਆਂ ਦੀਆਂ ਕਨਸੋਆਂ ਵਿਚ

ਸਾਹਾਂ ਦੇ ਚਲਦੇ ਮੇਲੇ ਵਿਚ
ਜ਼ਿੰਦਗੀ ਫੜਦੀ ਗੁੰਮ ਜਾਂਦੀ ਹਾਂ
ਜੱਗ ਦੇ ਰੰਗ ਝਮੇਲੇ ਵਿਚ

ਮਨ ਦੇ ਅੰਬਰੀਂ ਦੂਰ ਕਿਤੇ
ਸੁਪਨਿਆਂ ਦੇ ਭੂਰੇ ਜੰਗਲ ਵਿਚ
ਕਦੇ ਨਾ ਪੈਂਦਾ ਬੂਰ ਕਿਤੇ

ਲੋਆਂ ਦੇ ਇਸ ਤਾਣੇ ਵਿਚ
ਰਾਹਾਂ ਦਾ ਜਮਘਟ ਉੱਭਰਿਆ
ਹੋਸ਼ ਹੈ ਭੁੱਲਣ ਭਾਣੇ ਵਿਚ

ਸੁਪਨੇ ਆਪੇ ਖੁਰ ਜਾਂਦੇ
ਦੂਰ ਖੜ੍ਹੇ ਟਿੱਬੇ ਰੇਤਾ ਦੇ
ਛੂਹਾਂ ਤਾਂ ਝੱਟ ਭੁਰ ਜਾਂਦੇ

ਮੇਰੀ ਚਿਤਵਨ ਦੇ ਰਾਹ ਰੋੜ ਸਖੀ
ਪੀਂਹਦੇ ਪੀਂਹਦੇ ਥੱਕ ਜਾਂਦੀ ਹਾਂ
ਇਕ ਨਾ ਹੁੰਦਾ ਤੋੜ ਸਖੀ

ਆਸਾਂ ਦਾ ਕਲਵਲ ਹੋਇਆ ਫੁੱਲ
ਰਾਤੀਂ ਚਾਨਣ ਦਾ ਰਾਹ ਤੱਕਦਾ
ਰੋਜ਼ ਸਵੇਰੇ ਜਾਂਦਾ ਭੁੱਲ

•

## ਆਪਣੇ ਤੋਂ ਆਪਣਾ ਸਫ਼ਰ

ਕੋਈ ਪਰਬਤ ਹੈ ਅੰਦਰ ਕਿਧਰੇ
ਜਾਂ ਪੀੜਾਂ ਦਾ ਫਿਰ ਘਰ ਕਿਧਰੇ
ਨਿੱਤ ਦਰਦ ਦੇ ਝਰਨੇ ਰਿਸਦੇ ਨੇ
ਜਦ ਜਦ ਵੀ ਛਾਲੇ ਫਿਸਦੇ ਨੇ

ਜੋ ਚੁੱਪ ਚੁਪੀਤੇ ਵਹਿੰਦੇ ਨੇ
ਆਪੇ ਹੀ ਖ਼ੁਦ ਨੂੰ ਸਹਿੰਦੇ ਨੇ
ਬੇਤਾਬ ਸਫ਼ਰ ਬੇਹਾਲ ਹੈ ਜਿੰਦ
ਬਸ 'ਕੱਲੀ ਆਪਣੇ ਨਾਲ ਹੈ ਜਿੰਦ

ਹਰ ਪੀੜ ਦਾ ਪੈਂਡਾ ਕਰਦੀ ਏ
ਤੇ ਸਫ਼ਰ ਹੋਂਦ ਦਾ ਜਰਦੀ ਏ
ਹੁਣ ਚਾਹਾਂ ਰਸਤੇ ਭੁੱਲ ਜਾਵਾਂ
ਆਪਣੀ ਮਿੱਟੀ ਵਿਚ ਘੁਲ ਜਾਵਾਂ

ਆਪਣੇ ਅੰਦਰ ਜੰਗਲ ਫੋਲਾਂ
ਅੰਦਰ ਹੀ ਕੋਈ ਹੱਲ ਟੋਲਾਂ
ਆਪਣੇ ਤੋਂ ਆਪਣਾ ਸਫ਼ਰ ਕਰਾਂ
ਵੱਸ ਕੇ ਪੀੜਾਂ ਦਾ ਨਗਰ ਭਰਾਂ

ਪਰ ਖ਼ੁਦ ਨੂੰ ਜਾਂਦੇ ਰਾਹ ਮੇਰੇ
ਤਾਂ ਸਦਾ ਅਧੂਰੇ ਹਰ ਫੇਰੇ
ਸੋਚਾਂ ਦੀ ਮਿੱਟੀ ਪਾਉਂਦੀ ਹਾਂ
ਪੋਲੇ ਜਿਹੇ ਪੈਰ ਟਿਕਾਉਂਦੀ ਹਾਂ

ਆਪੇ 'ਚੋਂ ਬਾਹਰ ਨਿਕਲਦੀ ਹਾਂ
ਮੁੜ ਉਸੇ ਖ਼ੁਦ ਨੂੰ ਮਿਲਦੀ ਹਾਂ

•



## ਸੂਰਜਾਂ ਤੇ ਚੰਨਾਂ ਕੋਲੋਂ...

ਸੂਰਜਾਂ ਤੇ ਚੰਨਾਂ ਕੋਲੋਂ ਸੰਗਦੇ ਜਿਹੇ ਤਾਰੇ ਸਾਰੇ
ਉਨ੍ਹਾਂ ਸਾਹਵੇਂ ਖੜ੍ਹ ਜਾਣ ਖੁੱਲ੍ਹ ਕੇ ਚਮਕ ਲੈਣ

ਆਪਣਾ ਆਕਾਸ਼ ਮਿਲੇ ਪੂਰਾ ਵਿਸ਼ਵਾਸ ਮਿਲੇ
ਵੱਡੇ ਤਿੱਖੇ ਚਾਨਣਾਂ ਦੀ ਖਿੱਚ 'ਚੋਂ ਨਿਕਲ ਲੈਣ

ਨੇਰ੍ਹਿਆਂ ਨੂੰ ਝੱਟ ਕੇ ਦੋਚਿੱਤੀਆਂ ਨੂੰ ਕੱਟ ਕੇ
ਨਵੇਂ ਸਿਰਨਾਵੇਂ ਘੜ ਕਦਮਾਂ 'ਚ ਭਰ ਲੈਣ

ਅੰਬਰਾਂ ਦੇ ਉਹਲਿਆਂ 'ਚੋਂ ਨੇਰਿਆਂ ਦੀ ਤਹਿ ਖੋਲ੍ਹ
ਸੋਚ ਦੇ ਹੀ ਵੇਗ ਨਾਲ ਧੁੰਦ 'ਚੋਂ ਨਿਕਲ ਲੈਣ

ਕਦੇ ਕੁਝ ਲੋਚਦੀ ਹਾਂ, ਲੋਚ ਨੂੰ ਹੀ ਸੋਚਦੀ ਹਾਂ
ਬਿਨ ਗਾਏ ਗੀਤ ਵੀ ਨਾ ਸੁਪਨੇ ਉਲੰਘ ਲੈਣ

•

## ਸੰਦਲੀ ਸੰਦਲੀ ਮਿੱਟੀਏ

ਮੋਹ ਰੱਤੀ ਜਿਹੀ ਧਰਤੀਏ ਤੇਰੀ ਅੱਲ੍ਹੜ ਅੱਲੜ੍ਹ ਪੌਣ
ਤੇਰੇ ਰਾਹੋਂ ਭੁੱਲੇ ਜਾਇਆਂ ਨੂੰ ਹੁਣ ਮੋੜ ਲਿਆਵੇ ਕੌਣ

ਮੇਰੀ ਰੰਗਲੀ ਸੋਹਣੀ ਧਰਤੀਏ ਤੇਰੇ ਰੁਲਦੇ ਜਾਂਦੇ ਚਾਅ
ਤੇਰੀ ਛੈਲ ਜਵਾਨੀ ਸੁਕਦੀ ਨੂੰ ਨਸ਼ਿਆਂ ਡੀਕ ਲਿਆ

ਮੇਰੀ ਸੰਦਲੀ ਸੰਦਲੀ ਮਿੱਟੀਏ ਕੋਈ ਐਸਾ ਧੂਫ਼ ਧੁਖਾ
ਤੇਰੇ ਧੂੰਏਂ ਭਟਕੇ ਲਾਡਲੇ ਮੁੜ ਜਾਣ ਘਰਾਂ ਨੂੰ ਆ

ਭਰ ਵਗਦੇ ਦਰਿਆਓ ਕੈਸਾ ਵਕਤ ਨੇ ਮੋੜ ਲਿਆ
ਜ਼ੋਰਾਵਰ ਵਹਿਣਾਂ ਨੂੰ ਸੁੱਕੀ ਰੇਤ ਨੇ ਡੀਕ ਲਿਆ

ਕਿਧਰ ਤੁਰ ਗਏ ਰਿਸ਼ਤੇ ਸਾਰੇ ਮੋਹ ਦੇ ਭਰੇ ਵਹਾਅ
ਵਗ ਪਈ ਜਦ ਤੋਂ ਨਗਰ ਮੇਰੇ ਵਿਚ ਘੋਰ ਅਜਨਬੀ ਵਾਅ

•



## ਮੇਰਾ ਸੁਪਨਾ ਸੁਪਨਾ ਹੋਣਾ

ਇਤਫ਼ਾਕ ਭਾਵੇਂ ਤੇਰਾ, ਮੇਰਾ ਜ਼ਿੰਦਗੀ ’ਚ ਹੋਣਾ
ਪਰ ਸੱਚ ਹੈ ਤੇਰਾ ਮੇਰੇ, ਸਾਹਾਂ ’ਚੋਂ ਦਰਦ ਧੋਣਾ

ਹੁੰਮਸ ’ਚ ਜਦ ਵੀ ਹੋਵੇ, ਮੇਰਾ ਆਪਣੇ ਨਾਲ ਝਗੜਾ
ਵਰਦਾਨ ਤੇਰਾ ਹਰ ਥਾਂ, ’ਵਾ ਬਣ ਕੇ ਆ ਖਲੋਣਾ

ਜ਼ਿੰਦਗੀ ਦੇ ਵਿਹੜੇ ਵਰ੍ਹਦੀ, ਸਾਹਾਂ ’ਚ ਲਿਪਟੀ ਅਗਨੀ
ਹੈ ਫ਼ੁਹਾਰ ਤੇਰਾ ਹੋਣਾ, ਮੇਰੀ ਝੁਲਸੀ ਜਿੰਦ ਧੋਣਾ

ਜਦ ਵੀ ਇਕੱਲ ਮੈਨੂੰ ਆਪਣੇ ’ਚ ਧੂਹ ਲਿਜਾਏ
ਤੇਰਾ ਖ਼ਿਆਲ ਹੁੰਦਾ, ਹਮਸਫ਼ਰ ਵਾਂਗ ਹੋਣਾ

ਕਾਇਨਾਤ ਜਦ ਵੀ ਚਾਹਾਂ, ਚੁੰਨੀ ਦੇ ਪੱਲੇ ਬੰਨ੍ਹਾਂ
ਹਰ ਵਾਰ ਅਕਸ ਤੇਰਾ ਕੰਨੀ ’ਚ ਬੰਨ੍ਹਿਆ ਹੋਣਾ

ਕਦੇ ਇੰਜ ਵੀ ਹੋ ਜਾਵੇ, ਤੇਰੇ ਸਾਹਵੇਂ ਹੁੰਦੇ ਹੋਏ
ਮੇਰਾ ਸ਼ੀਸ਼ਾ ਹੋ ਹੋ ਜਾਣਾ, ਤੇ ਕਿਰਚ ਕਿਰਚ ਹੋਣਾ

ਸੱਜਣਾ, ਇਹ ਕੈਸਾ ਆਲਮ, ਰਿਸ਼ਤੇ ਦੇ ਆਸਰੇ ਦਾ
ਮੇਰਾ ਸੁਪਨਾ ਸੁਪਨਾ ਹੋਣਾ ਤੇ ਜਾਗ ਉੱਠ ਖਲੋਣਾ

•

## ਆਸਾਨ ਤਾਂ ਨਹੀਂ ਹੈ

ਜਨਮਦੀ ਹਾਂ ਸੂਰਜ ਤੇ ਚੰਦ ਖਿਡਾ ਰਹੀ ਹਾਂ
ਹੁੰਮਸ ਦੇ ਬੱਦਲੀਂ ਸਾਰੇ ਅੰਬਰ ਨੁਹਾ ਰਹੀ ਹਾਂ

ਬੀਜਾਂ ਦੀਆਂ ਜਿੰਦਾਂ ਨੂੰ, ਪਾਹ ਦੇ ਕੇ ਜੀਣ ਦੀ
ਉਦਾਸ ਕੋਂਪਲਾਂ ਨੂੰ ਬਿਰਖ, ਹੋਣਾ ਸਿਖਾ ਰਹੀ ਹਾਂ

ਮਨਜ਼ੂਰ ਕਰਕੇ ਤਿੜਕਣਾ ਫਿਰ, ਜੀਣ ਦੀ ਖ਼ਾਤਰ
ਆਪਣੇ ਟੋਟਿਆਂ 'ਚੋਂ ਫਿਰ, ਜ਼ਿੰਦਗੀ ਉਗਾ ਰਹੀ ਹਾਂ

ਆਸਾਨ ਤਾਂ ਨਹੀਂ ਹੈ ਹੋਣਾ ਧਰਤ ਜਾਂ ਔਰਤ
ਪਰ ਮੈਂ ਆਪਣੇ ਹੋਣ ਨੂੰ ਪਲ ਪਲ ਹੰਢਾ ਰਹੀ ਹਾਂ

ਸੋਚਾਂ ਦੀ ਤਾਬੀਰ ਹਾਂ ਤਕਦੀਰ ਜ਼ਿੰਦਗੀ ਦੀ
ਤੂੰਬੇ ਆਪਣੇ ਰੋਜ਼ ਸਮਿਆਂ ਨੂੰ ਖੁਆ ਰਹੀ ਹਾਂ

ਜਨਮਦੀ ਹਾਂ ਸੂਰਜ ਨਿੱਤ ਚੰਦ ਖਿਡਾ ਰਹੀ ਹਾਂ
ਹੁੰਮਸ ਦੇ ਬੱਦਲੀਂ ਸਾਰੇ ਹੀ ਅੰਬਰ ਨੁਹਾ ਰਹੀ ਹਾਂ

•



## ਜੋ ਵੀ ਬੋਲ ਦੇਈਂ

ਮੈਨੂੰ ਕੁਦਰਤ ਜੋ ਵੀ ਬੋਲ ਦੇਈਂ
ਵਿਚ ਆਪਣੀ ਲਿੱਪੀ ਘੋਲ ਦੇਈਂ

ਆਪਣੇ ਨੇੜੇ ਜਦ ਵੀ ਛੋਹਾਂ
ਸਾਰੇ ਚੁਭਦੇ ਪੱਥਰ ਟੋਹਾਂ
ਜੜ੍ਹ ਵਾਂਗੂੰ ਮਿੱਟੀ ਨਾਲ ਜੁੜ ਕੇ
ਫਿਰ ਪੂਰੇ ਚਾਨਣ ਵੱਲ ਮੁੜ ਕੇ
ਪੌਣਾਂ ਦੇ ਨਾਲ ਬੋਲ ਸਕਾਂ
ਰਮਜ਼ੀ ਪੱਤਰੇ ਖੋਲ੍ਹ ਸਕਾਂ
ਬਿਰਖ਼ ਜਿਹਾ ਸਮਤੋਲ ਦੇਈਂ
ਵਿਚ ਆਪਣੀ ਲਿੱਪੀ ਘੋਲ ਦੇਈਂ

ਆਪਣੀ ਮਿੱਟੀ ਵਿਚ ਸਮਾਵਾਂ
ਇਸਦੇ ਦਰਦ 'ਚੋਂ ਰਿਸ ਰਿਸ ਜਾਵਾਂ
ਫੰਭਾ ਫੰਭਾ ਬੱਦਲੀ ਹੋਵਾਂ
ਆਪਣੀਆਂ ਬਿਜਲੀਆਂ ਉਹਲੇ ਰੋਵਾਂ
ਕਤਰਾ ਕਤਰਾ ਵੱਸਦੀ ਜਾਵਾਂ
ਧਰਤੀ ਦੀ ਜਾ ਪਿਆਸ ਬੁਝਾਵਾਂ
ਰਿਸਦੇ ਦਰਦ ਨੂੰ ਬੋਲ ਦੇਈਂ
ਵਿਚ ਆਪਣੀ ਲਿੱਪੀ ਘੋਲ ਦੇਈਂ

ਜੇ ਕਿਧਰੇ ਮੈਂ ਧੁੱਪ ਬਣ ਜਾਵਾਂ
ਰੋਕੇ ਬੱਦਲਾਂ ਦਾ ਪਰਛਾਵਾਂ
ਧਰਤ ਨਾ ਮੈਥੋਂ ਟੋਹੀ ਜਾਵੇ
ਸਿੱਲੀ ਪੀੜ ਨਾ ਛੋਹੀ ਜਾਵੇ
ਤਦ ਬੱਦਲਾਂ ਤੇ ਵਿਛ ਵਿਛ ਜਾਵਾਂ
ਸੋਨ ਕਿਨਾਰੀ ਲਾਉਂਦੀ ਜਾਵਾਂ

ਇੰਜ ਬੱਦਲਾਂ ਨੂੰ ਫੋਲ ਦੇਈਂ
ਵਿਚ ਆਪਣੀ ਲਿੱਪੀ ਘੋਲ ਦੇਈਂ

ਸੋਚਾਂ ਦੇ ਝਰਨੇ ਜੋ ਵਹਿੰਦੇ
ਮੇਰੀ ਧਰਤੀ ਬਣ ਬਣ ਬਹਿੰਦੇ
ਤੁਰਨ ਦੀ ਕੋਸ਼ਿਸ਼ ਵਿਚ ਵਹਿ ਜਾਵਾਂ
ਸਾਹਾਂ ਦਾ ਡੁੱਬਣਾ ਸਹਿ ਜਾਵਾਂ
ਤਦ ਮੈਂ ਕਿੱਥੇ ਪੈਰ ਟਿਕਾਵਾਂ
ਜਿਥੇ ਸਾਂਵੀਂ ਹੋ ਖੜ ਜਾਵਾਂ
ਧਰਤ ਜਿਹੀ ਹਮਜੋਲ ਦੇਈਂ
ਵਿਚ ਆਪਣੀ ਲਿੱਪੀ ਘੋਲ ਦੇਈਂ

ਮੈਨੂੰ ਕੁਦਰਤ ਜੋ ਵੀ ਬੋਲ ਦੇਈਂ
ਵਿਚ ਆਪਣੀ ਲਿੱਪੀ ਘੋਲ ਦੇਈਂ

•



## ਬਣ ਕੇ ਮਾਲੀ ਆਏ ਹਾਂ

ਐ ਰੁੱਤ ਨਾ ਸਮਝੀਂ ਦਰ ਤੇਰੇ 'ਤੇ
ਬਣ ਕੇ ਸਵਾਲੀ ਆਏ ਹਾਂ
ਤੇਰੇ ਵਿਹੜੇ ਫੱਗਣ ਬੀਜਣ ਲਈ
ਅਸੀਂ ਬਣ ਕੇ ਮਾਲੀ ਆਏ ਹਾਂ

ਅਸੀਂ ਰੁੱਤਾਂ ਦੇ ਸਧਰਾਏ ਸਾਂ
ਤੇ ਧੁੱਪਾਂ ਵਿਚ ਪਥਰਾਏ ਸਾਂ
ਜਦ ਰੁੱਤਾਂ ਰੰਗ ਗੁਆ ਗਈਆਂ
ਆਪਣੀ ਰੁੱਤ ਬਣ ਕੇ ਆਏ ਹਾਂ

ਅੰਬਰ ਦੇ ਸਭ ਪਰਦੇ ਖੋਲ੍ਹੇ
ਧਰਤੀ ਦੇ ਸਭ ਘਰ ਦਰ ਟੋਲੇ
ਸਾਹਾਂ ਦੀ ਹਵਾ ਸੀ ਕੈਦ ਕਿਤੇ
ਹੁਣ, ਆਪ ਹਵਾ ਬਣ ਆਏ ਹਾਂ

ਖਿੱਲਰੇ ਪਏ ਅੱਖਰ ਚੁਣਦੇ ਰਹੇ
ਸਿਰਨਾਵੇਂ ਆਪਣੇ ਬੁਣਦੇ ਰਹੇ
ਪਰਿਭਾਸ਼ਾ ਕੋਈ ਨਾ ਹੀ ਬਣੀ
ਹੁਣ ਖ਼ੁਦ ਨੂੰ ਲਿਖ ਲੈ ਆਏ ਹਾਂ

ਘਨਘੋਰ ਵੀ ਬਣ ਕੇ ਵੇਖ ਲਿਆ
ਅਸਾਂ ਸ਼ੋਰ ਵੀ ਬਣ ਕੇ ਵੇਖ ਲਿਆ
ਹੁਣ ਹੀ ਆਪਣੇ ਲਈ ਛਾਂ ਖ਼ਾਤਰ
ਅਸੀਂ ਬਿਰਖ਼ ਦੀ ਜੂਨੇ ਆਏ ਹਾਂ

ਅਸੀਂ ਸੋਚਾਂ ਨੂੰ ਪਰਨਾਏ ਜਿਹੇ
ਪਰ ਰਾਹਾਂ ਤੋਂ ਘਬਰਾਏ ਜਿਹੇ
ਅਸੀਂ ਕਿਹੜੇ ਰਾਹ ਦੇ ਪਾਂਧੀ ਸਾਂ
ਹੁਣ ਕਿਹੜੇ ਰਾਹੇ ਆਏ ਹਾਂ

ਅਟਕ ਗਏ ਕਦੇ ਥਿੜਕ ਗਏ
ਸੱਚ ਬਣਦੇ ਬਣਦੇ ਤਿੜਕ ਗਏ
ਕਾਇਦੇ ਦੇ ਕੈਦੇ ਪੜ੍ਹਦੇ ਅਸੀਂ
ਆਪਣਾ ਉੱਤਰ ਬਣ ਆਏ ਹਾਂ

ਕਿਸੇ ਨ੍ਹੇਰੇ ਸਾਨੂੰ ਕੀ ਕਹਿਣਾ
ਕਿਸੇ ਚਾਨਣ ਕੋਲੋਂ ਕੀ ਲੈਣਾ
ਹਰ ਚਾਨਣ ਦੀ ਕੰਧ ਤੋਂ ਉੱਚਾ
ਇਕ ਅੰਬਰ ਸਿਰਜ ਲਿਆਏ ਹਾਂ

ਐ ਰੁੱਤ ਨਾ ਸਮਝੀਂ ਦਰ ਤੇਰੇ 'ਤੇ
ਬਣ ਕੇ ਸਵਾਲੀ ਆਏ ਹਾਂ
ਤੇਰੇ ਵਿਹੜੇ ਫੱਗਣ ਬੀਜਣ ਲਈ
ਅਸੀਂ ਬਣ ਕੇ ਮਾਲੀ ਆਏ ਹਾਂ

•